50 ਸਾਲ ਬੇਮਿਸਾਲ

# ਸਰਕਾਰੀ ਕਾਲਜ
# ਡੇਰਾ ਬੱਸੀ

## ਪ੍ਰਾਸਪੈਕਟਸ 2026-27




www.gcderabassi.ac.in

ਨੈਕ ਵੱਲੋਂ
B++
ਬੀ++ ਗ੍ਰੇਡ
ਨਾਲ ਪ੍ਰਮਾਣਿਤ

## ਭੂਗੋਲ ਕਵਿਜ਼ ਮੁਕਾਬਲਿਆਂ ਵਿੱਚ ਜ਼ੋਨਲ, ਰਾਜ ਅਤੇ ਅੰਤਰ-ਰਾਜ ਪੱਧਰਾਂ 'ਤੇ ਜੇਤੂ



**ਖੁਸ਼ਪ੍ਰੀਤ ਕੌਰ**



**ਸਿਮਰਨਜੋਤ ਕੌਰ**



**ਪਰਸ਼ਾਂਤ ਸ਼ਰਮਾ**

## ਸਾਡੇ ਕਾਲਜ ਦੇ ਹੋਣਹਾਰ ਖਿਡਾਰੀ



**ਸਨੇਹਾ ਝਾ**
ਐਥਲੈਟਿਕਸ (ਓਪਨ ਨੈਸ਼ਨਲ ਗੋਲਡ ਮੈਡਲ)



**ਸੰਤੋਸ਼ੀ ਝਾ**
ਐਥਲੈਟਿਕਸ (ਓਪਨ ਨੈਸ਼ਨਲ ਗੋਲਡ ਮੈਡਲ)



**ਦਰਸ਼ਪ੍ਰੀਤ ਸਿੰਘ ਗਿੱਲ**
ਸ਼ੂਟਿੰਗ (ਰਾਜ ਪੱਧਰੀ ਗੋਲਡ ਮੈਡਲ)



**ਜਸਮਨਦੀਪ ਕੌਰ**
ਗੋਲਫ (ਸਬ-ਜੂਨੀਅਰ ਗੋਲਡ ਮੈਡਲ)



**ਜੋਤੀ ਤ੍ਰਿਪਾਠੀ**
ਤਾਇਕਵਾਂਡੋ (ਅੰਤਰ-ਕਾਲਜ ਗੋਲਡ ਮੈਡਲ)



**ਗੁੱਡੀ ਕੁਮਾਰੀ**
ਤਾਇਕਵਾਂਡੋ (ਅੰਤਰ-ਕਾਲਜ ਗੋਲਡ ਮੈਡਲ)

# ਵਿਸ਼ਾ-ਸੂਚੀ


- ਨਵੇਂ ਯੁੱਗ ਦੀ ਦਹਿਲੀਜ਼'ਤੇ ਤੁਹਾਡਾ ਭਵਿੱਖ 3
- ਸੁਫ਼ਨਿਆਂ ਨੂੰ ਪਛਾਣ ਦੇਣ ਵਾਲੇ ਪੰਜਾਹ ਸਾਲ 4
- ਅਕਾਦਮਿਕ ਪ੍ਰੋਗਰਾਮ 5
- ਕਾਲਜ ਦੇ ਵਿਦਿਆਰਥੀਆਂ ਲਈ ਨਿਯਮ 15
- ਸਮਾਰਟ ਕੈਂਪਸ ਅਤੇ ਆਧੁਨਿਕ ਸੁਵਿਧਾਵਾਂ 19
- ਵਿਦਿਆਰਥੀ ਵਿਕਾਸ ਅਤੇ ਸਹਾਇਤਾ ਪ੍ਰਣਾਲੀ 21
- ਕਲੱਬ ਅਤੇ ਵਿਦਿਆਰਥੀ ਗਤੀਵਿਧੀਆਂ 22
- ਫ਼ੀਸਾਂ ਅਤੇ ਫੰਡ 23
- ਸਕਾਲਰਸ਼ਿਪ 25
- ਸਾਡੇ ਅਲੁਮਨੀ, ਸਾਡਾ ਮਾਣ 27
- ਸੱਭਿਆਚਾਰਕ ਗਤੀਵਿਧੀਆਂ 30
- ਰਾਸ਼ਟਰੀ ਕੈਡਿਟ ਕੋਰ (ਐੱਨ.ਸੀ.ਸੀ.) 32
- ਰਾਸ਼ਟਰੀ ਸੇਵਾ ਯੋਜਨਾ (ਐੱਨ.ਐਸ.ਐਸ.) 34
- ਫੈਕਲਟੀ ਅਤੇ ਸਟਾਫ਼ 36
- ਦਾਖਲਾ ਕਮੇਟੀਆਂ ਅਤੇ ਜ਼ਿੰਮੇਵਾਰੀਆਂ 38
- ਪ੍ਰਬੰਧਕੀ ਕਮੇਟੀਆਂ 41
- ਸੰਪਰਕ ਅਧਿਕਾਰੀ 43
- ਅਕਾਦਮਿਕ ਕਲੰਡਰ/ ਪ੍ਰਸਤਾਵਿਤ ਗਤੀਵਿਧੀਆਂ 44

ਦੇਹ ਸਿਵਾ ਬਰ ਮੋਹਿ ਇਹੈ
ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥

ਨ ਡਰੋਂ ਅਰਿ ਸੋ ਜਬ ਜਾਇ ਲਰੋਂ
ਨਿਸਚੈ ਕਰਿ ਆਪਨੀ ਜੀਤ ਕਰੋਂ॥

ਅਰੁ ਸਿਖ ਹੋ ਆਪਨੇ ਹੀ ਮਨ ਕੌ
ਇਹ ਲਾਲਚ ਹਉ ਗੁਨ ਤਉ ਉਚਰੋਂ॥

ਜਬ ਆਵ ਕੀ ਅਉਧ ਨਿਦਾਨ ਬਨੇ
ਅਤਿ ਹੀ ਰਨ ਮੇ ਤਬ ਜੂਝ ਮਰੋਂ॥

- ਸ੍ਰੀ ਗੁਰੂ ਗੋਬਿੰਦ ਸਿੰਘ ਜੀ



# ਨਵੇਂ ਯੁੱਗ ਦੀ ਦਹਿਲੀਜ਼ 'ਤੇ ਤੁਹਾਡਾ ਭਵਿੱਖ

## ਵਿਨੀਤਾ ਰਾਓ, ਪ੍ਰਿੰਸੀਪਲ

ਅਸੀਂ ਇੱਕ ਅਜਿਹੇ ਬਦਲਦੇ ਯੁੱਗ ਵਿੱਚ ਦਾਖ਼ਲ ਹੋ ਰਹੇ ਹਾਂ ਜਿੱਥੇ ਆਰਟੀਫ਼ੀਸ਼ਲ ਇੰਟੈਲੀਜੈਂਸ, ਡਿਜ਼ੀਟਲ ਨਵਚੇਤਨਾ ਅਤੇ ਗਲੋਬਲ ਕਨੈਕਟਿਵਿਟੀ ਸਿੱਖਿਆ ਦੇ ਅਰਥ ਨੂੰ ਨਵੀਂ ਪਰਿਭਾਸ਼ਾ ਦੇ ਰਹੇ ਹਨ। ਅੱਜ ਸਿਰਫ਼ ਜਾਣਕਾਰੀ ਪ੍ਰਾਪਤ ਕਰਨਾ ਹੀ ਕਾਫ਼ੀ ਨਹੀਂ; ਅਸਲ ਲੋੜ ਹੈ ਸੋਚਣ ਦੀ ਗਹਿਰਾਈ, ਫੈਸਲੇ ਲੈਣ ਦੀ ਸਮਝ ਅਤੇ ਬਦਲਦੇ ਹਾਲਾਤਾਂ ਵਿੱਚ ਖੁਦ ਨੂੰ ਨਵੀਂ ਰੂਪ-ਰੇਖਾ ਦੇਣ ਦੀ ਸਮਰੱਥਾ ਦੀ।

ਇਸ ਪਿਛੋਕੜ ਵਿੱਚ ਕਾਲਜ ਦੀ ਚੋਣ ਇੱਕ ਆਮ ਫ਼ੈਸਲਾ ਨਹੀਂ, ਸਗੋਂ ਤੁਹਾਡੇ ਭਵਿੱਖ ਦੀ ਦਿਸ਼ਾ ਤੈਅ ਕਰਨ ਵਾਲਾ ਅਹਿਮ ਕਦਮ ਹੈ।

ਸਰਕਾਰੀ ਕਾਲਜ ਡੇਰਾ ਬੱਸੀ, ਆਪਣੀ 50 ਸਾਲਾਂ ਤੋਂ ਵੱਧ ਮਾਣਯੋਗ ਵਿਰਾਸਤ ਨਾਲ, ਉੱਚ ਗੁਣਵੱਤਾ ਵਾਲੀ ਸਿੱਖਿਆ ਅਤੇ ਸੰਸਕਾਰਾਂ ਦਾ ਕੇਂਦਰ ਰਿਹਾ ਹੈ। ਇਹ ਸੰਸਥਾ ਸਿਰਫ਼ ਅਕਾਦਮਿਕ ਪ੍ਰਾਪਤੀਆਂ ਤੱਕ ਸੀਮਿਤ ਨਹੀਂ; ਇੱਥੇ ਕਾਲਜ ਦਾ ਜੀਵਨ ਇੱਕ ਰਚਨਾਤਮਕ ਅਤੇ ਬੌਧਿਕ ਅਨੁਭਵ ਬਣਦਾ ਹੈ – ਜਿੱਥੇ ਵਿਚਾਰ ਵਿਕਸਤ ਹੁੰਦੇ ਹਨ, ਆਤਮ-ਵਿਸ਼ਵਾਸ ਨਿਖਰਦਾ ਹੈ ਅਤੇ ਵਿਦਿਆਰਥੀ ਆਪਣੀ ਵਿਲੱਖਣ ਪਹਿਚਾਣ ਬਣਾਉਂਦੇ ਹਨ।

ਰਾਸ਼ਟਰੀ ਸਿੱਖਿਆ ਨੀਤੀ 2020 ਦੇ ਮੂਲ ਸਿਧਾਂਤ – ਸਰਵਪੱਖੀ ਵਿਕਾਸ, ਵਿਭਿੰਨ ਵਿਸ਼ਿਆਂ ਨਾਲ ਸਬੰਧਤ ਸਿੱਖਿਆ, ਲਚਕੀਲਾਪਣ ਅਤੇ ਨਵਚੇਤਨਾ – ਸਾਡੇ ਅਕਾਦਮਿਕ ਦ੍ਰਿਸ਼ਟੀਕੋਣ ਦਾ ਅਟੁੱਟ ਹਿੱਸਾ ਹਨ। ਅਸੀਂ ਇੱਕ ਅਜਿਹਾ ਵਾਤਾਵਰਣ ਤਿਆਰ ਕਰਨ ਲਈ ਵਚਨਬੱਧ ਹਾਂ ਜਿੱਥੇ ਗਿਆਨ ਸਿਰਫ਼ ਸਿਧਾਂਤ ਤੱਕ ਸੀਮਿਤ ਨਾ ਰਹੇ, ਸਗੋਂ ਅਭਿਆਸ, ਖੋਜ ਅਤੇ ਜੀਵਨ ਦੇ ਤਜਰਬਿਆਂ ਨਾਲ ਜੁੜੇ।

ਸਾਡੇ ਲਈ ਸਿੱਖਿਆ ਦਾ ਮਤਲਬ ਹੈ ਇੱਕ ਅਜਿਹੀ ਸ਼ਖ਼ਸੀਅਤ ਤਿਆਰ ਕਰਨਾ ਜੋ ਸਿਰਫ਼ ਸਮਰੱਥ ਹੀ ਨਹੀਂ, ਸਗੋਂ ਨੈਤਿਕ, ਸੰਵੇਦਨਸ਼ੀਲ ਅਤੇ ਜ਼ਿੰਮੇਵਾਰ ਹੋਣ – ਜੋ ਭਵਿੱਖ ਦੀਆਂ ਚੁਣੌਤੀਆਂ ਦਾ ਸਾਹਮਣਾ ਵਿਸ਼ਵਾਸ ਅਤੇ ਦ੍ਰਿੜਤਾ ਨਾਲ ਕਰ ਸਕਣ।

ਕਾਲਜ ਦੇ ਇਹ ਸਾਲ ਤੁਹਾਡੇ ਜੀਵਨ ਦੇ ਸਭ ਤੋਂ ਨਿਰਣਾਇਕ ਸਾਲ ਹਨ – ਇਹ ਉਹ ਸਮਾਂ ਹੈ ਜਿੱਥੇ ਸੁਪਨੇ ਦਿਸ਼ਾ ਲੈਂਦੇ ਹਨ, ਵਿਚਾਰ ਮਜ਼ਬੂਤ ਹੁੰਦੇ ਹਨ ਅਤੇ ਜੀਵਨ ਦੀ ਦਿਸ਼ਾ ਨਿਰਧਾਰਿਤ ਹੁੰਦੀ ਹੈ। ਇੱਥੇ ਸਿਰਜੀਆਂ ਯਾਦਾਂ, ਕਦਰਾਂ-ਕੀਮਤਾਂ ਅਤੇ ਅਨੁਭਵ ਜੀਵਨ ਭਰ ਤੁਹਾਡੇ ਨਾਲ ਜੁੜੇ ਰਹਿੰਦੇ ਹਨ।

ਜੇ ਤੁਸੀਂ ਇੱਕ ਅਜਿਹੇ ਸੰਸਥਾਨ ਦੀ ਖੋਜ ਕਰ ਰਹੇ ਹੋ ਜੋ ਵਿਰਾਸਤ ਅਤੇ ਆਧੁਨਿਕਤਾ ਦਾ ਸੰਤੁਲਨ ਬਣਾਉਂਦਾ ਹੋਇਆ ਤੁਹਾਨੂੰ ਇੱਕ ਵਿਸ਼ਵ-ਪੱਧਰੀ ਸੋਚ ਅਤੇ ਮਜ਼ਬੂਤ ਪਹਿਚਾਣ ਦੇ ਸਕੇ, ਤਾਂ ਸਰਕਾਰੀ ਕਾਲਜ ਡੇਰਾ ਬੱਸੀ ਤੁਹਾਡਾ ਸਵਾਗਤ ਕਰਦਾ ਹੈ।

ਤੁਸੀਂ ਇੱਥੇ ਸਿਰਫ਼ ਪਾਠਕ੍ਰਮ ਨਹੀਂ ਪੜ੍ਹੋਗੇ, ਸਗੋਂ ਆਪਣੇ ਅੰਦਰ ਲੁਕੀਆਂ ਸੰਭਾਵਨਾਵਾਂ ਨੂੰ ਖੋਜਣ ਅਤੇ ਉਨ੍ਹਾਂ ਨੂੰ ਨਿਖਾਰਣ ਦਾ ਮੌਕਾ ਵੀ ਪਾਵੋਗੇ ।

ਆਓ, ਇੱਥੇ ਸਿਰਫ਼ ਸਿੱਖਿਆ ਨਹੀਂ – ਇੱਕ ਉੱਚ ਕੋਟੀ ਦੇ ਜੀਵਨ ਦੀ ਸ਼ੁਰੂਆਤ ਕਰੀਏ।

# ਸੁਫ਼ਨਿਆਂ ਨੂੰ ਪਛਾਣ ਦੇਣ ਵਾਲੇ ਪੰਜਾਹ ਸਾਲ



ਹੰਸ ਰਾਜ ਸ਼ਰਮਾ

ਪੰਜਾਹ ਸਾਲ ਪਹਿਲਾਂ ਸਰਕਾਰੀ ਕਾਲਜ, ਡੇਰਾ ਬੱਸੀ, ਸਿਰਫ਼ ਇੱਕ ਸੁਫ਼ਨਾ ਸੀ – ਕੁਝ ਗਿਣਤੀ ਦੇ ਵਿਦਿਆਰਥੀ ਅਤੇ ਇੱਕ ਪ੍ਰਾਇਮਰੀ ਸਕੂਲ ਦੇ ਕੋਨੇ ਤੋਂ ਸ਼ੁਰੂ ਹੋਇਆ ਇਕ ਨਿਮਾਣਾ ਯਤਨ। ਚੰਡੀਗੜ੍ਹ–ਅੰਬਾਲਾ ਰਾਸ਼ਟਰੀ ਮਾਰਗ ਤੋਂ ਕੁਝ ਹੀ ਦੂਰੀ ’ਤੇ ਸਥਿਤ ਇਸ ਸੰਸਥਾ ਦੀ ਨੀਂਹ 15 ਜਨਵਰੀ 1975 ਨੂੰ ਖਜਾਨਾ ਮੰਤਰੀ ਸ੍ਰੀ ਹੰਸ ਰਾਜ ਸ਼ਰਮਾ ਦੇ ਯਤਨਾਂ ਨਾਲ ਰੱਖੀ ਗਈ। ਕੇਵਲ 126 ਵਿਦਿਆਰਥੀਆਂ ਨਾਲ ਆਰੰਭ ਹੋਈ ਇਹ ਯਾਤਰਾ ਉਸ ਵੇਲੇ ਸਿਰਫ਼ ਇੱਕ ਛੋਟੀ ਸ਼ੁਰੂਆਤ ਹੀ ਸੀ।



ਮੌਜੂਦਾ ਕਾਲਜ ਕੈਂਪਸ

ਉਸ ਨਿਮਾਣੇ ਬੀਜ ਵਿੱਚ ਇੱਕ ਵਿਸ਼ਾਲ ਰੁੱਖ ਬਣਨ ਦੀ ਸੰਭਾਵਨਾ ਲੁਕੀਂ ਹੋਈਂ ਸੀ। ਸਮਰਪਣ, ਮਿਹਨਤ ਅਤੇ ਸਮਾਜ ਦੇ ਸਹਿਯੋਗ ਨੇ ਇਸ ਸੁਪਨੇ ਨੂੰ ਹੌਲੀ-ਹੌਲੀ ਇੱਕ ਮਜ਼ਬੂਤ ਅਤੇ ਪ੍ਰੇਰਣਾਦਾਇਕ ਹਕੀਕਤ ਵਿੱਚ ਬਦਲ ਦਿੱਤਾ।

7 ਫ਼ਰਵਰੀ 1984 ਨੂੰ ਇਸ ਕਾਲਜ ਨੂੰ ਆਪਣੇ ਮੌਜੂਦਾ ਸ਼ਾਂਤਮਈ ਕੈਂਪਸ ਵਿੱਚ ਸਥਾਈ ਠਿਕਾਣਾ ਮਿਲਿਆ। ਕੁਦਰਤੀ ਹਰਿਆਵਲ ਅਤੇ ਸੁਹਾਵਣੇ ਵਾਤਾਵਰਣ ਨਾਲ ਘਿਰੇ ਇਸ ਪਰਿਸਰ ਵਿੱਚ ਕਾਲਜ ਨੇ ਕੇਵਲ ਇਮਾਰਤਾਂ ਹੀ ਨਹੀਂ ਬਣਾਈਆਂ, ਸਗੋਂ ਰਿਸ਼ਤਿਆਂ, ਸੰਸਕਾਰਾਂ ਅਤੇ ਸਾਂਝੇਪਣ ਦੀ ਮਜ਼ਬੂਤ ਨੀਂਹ ਵੀ ਰੱਖੀ। ਇੱਥੇ ਸਿਰਫ਼ ਕਲਾਸਰੂਮ ਨਹੀਂ ਬਣੇ, ਬਲਕਿ ਇੱਕ ਸਜੀਵ ਅਤੇ ਸੰਵੇਦਨਸ਼ੀਲ ਅਕਾਦਮਿਕ ਪਰਿਵਾਰ ਦਾ ਨਿਰਮਾਣ ਹੋਇਆ।

ਅੱਜ ਅਸੀਂ ਮਾਣ ਨਾਲ ਆਪਣੇ ਪੰਜ ਦਹਾਕਿਆਂ ਦੇ ਸ਼ਾਨਦਾਰ ਵਿਰਸੇ ਵੱਲ ਨਿਗਾਹ ਮਾਰਦੇ ਹਾਂ। ਉਹ ਛੋਟੀ ਜਿਹੀ ਚਿਣਗ ਅੱਜ ਇੱਕ ਉਰਜਾਵਾਨ ਅਤੇ ਪ੍ਰਗਤੀਸ਼ੀਲ ਸਿੱਖਿਆ ਕੇਂਦਰ ਦਾ ਰੂਪ ਧਾਰ ਚੁੱਕੀ ਹੈ, ਜਿਸ ਵਿੱਚ **ਛੇ ਮੁੱਖ ਬਲਾਕ, ਆਧੁਨਿਕ ਪ੍ਰਯੋਗਸ਼ਾਲਾਵਾਂ, ਵਿਸਤ੍ਰਿਤ ਖੇਡ ਸਹੂਲਤਾਂ ਅਤੇ ਅਤਿ-ਆਧੁਨਿਕ ਸਮਾਰਟ ਕਲਾਸਰੂਮ** ਸ਼ਾਮਲ ਹਨ।

ਸਮੇਂ ਦੇ ਨਾਲ ਬਹੁਤ ਕੁਝ ਬਦਲਿਆ ਹੈ, ਪਰ ਕਾਲਜ ਦੀ ਆਤਮਾ – ਸਮੂਹਿਕ ਵਿਕਾਸ ਅਤੇ ਸਮਾਜਿਕ ਭਲਾਈ ਪ੍ਰਤੀ ਵਚਨਬੱਧਤਾ – ਅੱਜ ਵੀ ਅਟੱਲ ਹੈ। ਸਾਡੇ ਵਿਦਿਆਰਥੀ ਆਪਣੀਆਂ ਉਪਲਬਧੀਆਂ ਨਾਲ ਅੱਜ ਵੀ ਸਾਨੂੰ ਮਾਣ ਮਹਿਸੂਸ ਕਰਵਾ ਰਹੇ ਹਨ।

ਹਾਲ ਹੀ ਵਿੱਚ ਕਾਲਜ ਨੇ ਨੈਕ ਵੱਲੋਂ **ਬੀ++ ਗ੍ਰੇਡ** ਪ੍ਰਾਪਤ ਕਰਨ ਦੇ ਨਾਲ **ਪੰਜਾਬ ਦੇ ਸਿਰਫ਼ ਗਿਆਰਾਂ ਕਾਲਜਾਂ** ਵਿੱਚ ਸ਼ਾਮਲ ਹੁੰਦਿਆਂ **ਪੀ.ਐਮ.–ਉਸ਼ਾ ਗ੍ਰਾਂਟ** ਹਾਸਲ ਕਰਕੇ ਇੱਕ ਹੋਰ ਮਹੱਤਵਪੂਰਨ ਉਪਲਬਧੀ ਦਰਜ ਕੀਤੀ ਹੈ। ਇਹ ਉਪਲਬਧੀਆਂ ਉਸ ਮਜ਼ਬੂਤ ਨੀਂਹ ਦੀ ਪ੍ਰਮਾਣਿਕਤਾ ਹਨ ਜਿਸਦੀ ਰਚਨਾ ਵਿੱਚ ਸਾਡੇ ਸਾਰੇ ਭਾਗੀਦਾਰਾਂ ਦਾ ਅਣਮੁਲਾ ਯੋਗਦਾਨ ਰਿਹਾ ਹੈ।

ਜੇਕਰ ਤੁਸੀਂ ਆਪਣੇ ਭਵਿੱਖ ਲਈ ਸਾਡੇ ਕਾਲਜ ’ਤੇ ਭਰੋਸਾ ਕਰਨ ਬਾਰੇ ਸੋਚ ਰਹੇ ਹੋ, ਤਾਂ ਇਹ ਸਿਰਫ਼ ਇੱਕ ਦਾਖ਼ਲਾ ਨਹੀਂ, ਸਗੋਂ ਆਪਣੇ ਸੁਪਨਿਆਂ, ਯੋਗਤਾਵਾਂ ਅਤੇ ਜੀਵਨ ਨੂੰ ਇੱਕ ਮਜ਼ਬੂਤ ਦਿਸ਼ਾ ਦੇਣ ਵੱਲ ਚੁੱਕਿਆ ਗਿਆ ਮਹੱਤਵਪੂਰਨ ਕਦਮ ਹੈ।

**ਸੰਭਵ ਹੈ ਕਿ ਸਰਕਾਰੀ ਕਾਲਜ ਡੇਰਾ ਬੱਸੀ ਨਾਲ ਜੁੜਨ ਦਾ ਤੁਹਾਡਾ ਇਹ ਫ਼ੈਸਲਾ ਤੁਹਾਡੇ ਜੀਵਨ ਦਾ ਉਹ ਮਹੱਤਵਪੂਰਨ ਮੋੜ ਸਾਬਤ ਹੋਵੇ ਜੋ ਤੁਹਾਨੂੰ ਸਫਲਤਾ, ਆਤਮ-ਵਿਸ਼ਵਾਸ ਅਤੇ ਨਵੇਂ ਆਸਮਾਨਾਂ ਵੱਲ ਲੈ ਜਾਵੇ।**

# ਅਕਾਦਮਿਕ ਪ੍ਰੋਗਰਾਮ

**ਸਰਕਾਰੀ ਕਾਲਜ ਡੇਰਾ ਬੱਸੀ ਵਿੱਚ ਪੜ੍ਹਾਏ ਜਾ ਰਹੇ ਅਕਾਦਮਿਕ ਪ੍ਰੋਗਰਾਮ ਨਵੀਂ ਸਿੱਖਿਆ ਨੀਤੀ (ਐੱਨ.ਈ.ਪੀ. 2020) ਦੇ ਅਨੁਕੂਲ ਹਨ। ਇਹ ਪ੍ਰੋਗਰਾਮ ਵਿਦਿਆਰਥੀ-ਕੇਂਦਰਿਤ ਦ੍ਰਿਸ਼ਟੀਕੋਣ 'ਤੇ ਆਧਾਰਿਤ ਹਨ, ਜਿਨ੍ਹਾਂ ਦਾ ਉਦੇਸ਼ ਸਿਰਫ਼ ਪਾਠਕ੍ਰਮਕ ਗਿਆਨ ਤੋਂ ਇਲਾਵਾ ਵਿਅਕਤੀਗਤ ਵਿਕਾਸ, ਰੋਜ਼ਗਾਰ ਯੋਗਤਾ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਵੀ ਮਜ਼ਬੂਤ ਕਰਨਾ ਹੈ।**

**ਕਾਲਜ ਵਿੱਚ ਅੰਡਰਗ੍ਰੈਜੂਏਟ ਪੱਧਰ 'ਤੇ ਆਰਟਸ, ਵਿਗਿਆਨ, ਵਪਾਰ ਅਤੇ ਪ੍ਰਬੰਧਨ ਖੇਤਰਾਂ ਵਿੱਚ ਵਿਭਿੰਨ ਅਕਾਦਮਿਕ ਕੋਰਸ ਉਪਲਬਧ ਹਨ, ਜਦਕਿ ਪੋਸਟਗ੍ਰੈਜੂਏਟ ਪੱਧਰ 'ਤੇ ਐੱਮ.ਕਾਮ. ਪ੍ਰੋਗਰਾਮ ਵੀ ਚਲਾਇਆ ਜਾ ਰਿਹਾ ਹੈ।**

**ਮਲਟੀ-ਡਿਸੀਪਲਿਨਰੀ ਅੱਪ੍ਰੋਚ ਰਾਹੀਂ ਵਿਦਿਆਰਥੀਆਂ ਨੂੰ ਆਪਣੀ ਰੁਚੀ ਅਤੇ ਕਰੀਅਰ ਟੀਚਿਆਂ ਅਨੁਸਾਰ ਵਿਸ਼ਿਆਂ ਦੀ ਚੋਣ ਕਰਨ ਦੀ ਆਜ਼ਾਦੀ ਮਿਲਦੀ ਹੈ। ਮੇਜਰ ਅਤੇ ਮਾਈਨਰ ਵਿਸ਼ਿਆਂ ਦੀ ਲਚਕੀਲੀ ਚੋਣ ਦੇ ਨਾਲ-ਨਾਲ ਏਬਿਲਟੀ ਇਨਹਾਂਸਮੈਂਟ, ਸਕਿੱਲ ਇਨਹਾਂਸਮੈਂਟ, ਵੈਲਿਊ ਐਡਡ ਅਤੇ ਇੰਟਰ/ਮਲਟੀ ਡਿਸੀਪਲਿਨਰੀ ਕੋਰਸਾਂ ਦਾ ਸਮਾਵੇਸ਼ ਵਿਦਿਆਰਥੀਆਂ ਨੂੰ ਪ੍ਰਯੋਗਾਤਮਕ ਸਿੱਖਿਆ ਪ੍ਰਦਾਨ ਕਰਦਾ ਹੈ।**

**ਇਹ ਪ੍ਰੋਗਰਾਮ ਕਰੈਡਿਟ-ਅਧਾਰਿਤ ਪ੍ਰਣਾਲੀ ਦੇ ਤਹਿਤ ਚਲਾਏ ਜਾਂਦੇ ਹਨ, ਜਿਨ੍ਹਾਂ ਵਿੱਚ ਇੰਟਰਨਸ਼ਿਪ, ਫੀਲਡ ਵਰਕ, ਪ੍ਰੋਜੈਕਟ ਅਤੇ ਕਮਿਊਨਟੀ ਸਰਵਿਸ ਵਰਗੀਆਂ ਗਤੀਵਿਧੀਆਂ ਨੂੰ ਵੀ ਮਹੱਤਵਪੂਰਨ ਸਥਾਨ ਦਿੱਤਾ ਗਿਆ ਹੈ।**

**ਇਸ ਤਰ੍ਹਾਂ, ਕਾਲਜ ਦਾ ਉਦੇਸ਼ ਵਿਦਿਆਰਥੀਆਂ ਨੂੰ ਸਿਰਫ਼ ਡਿਗਰੀ ਪ੍ਰਾਪਤ ਕਰਵਾਉਣਾ ਨਹੀਂ, ਸਗੋਂ ਉਨ੍ਹਾਂ ਨੂੰ ਭਵਿੱਖ ਦੀਆਂ ਚੁਣੌਤੀਆਂ ਲਈ ਤਿਆਰ ਕਰਨਾ ਹੈ।**

## 2026-27 ਦੇ ਵਿੱਦਿਅਕ ਵਰ੍ਹੇ ਲਈ ਵੱਖ-ਵੱਖ ਸ਼੍ਰੇਣੀਆਂ ਵਿੱਚ ਹੇਠ ਲਿਖੇ ਨਿਯਮਾਂ ਅਨੁਸਾਰ ਦਾਖਲਾ ਕੀਤਾ ਜਾਵੇਗਾ

- **ਸਮੈਸਟਰ ਪਹਿਲੇ, ਤੀਜੇ ਅਤੇ ਪੰਜਵੇਂ ਸਮੈਸਟਰ ਲਈ ਦਾਖਲੇ ਸ਼ੁਰੂ ਹਨ। ਇਹਨਾਂ ਵਿੱਚ ਦਾਖਲਾ ਲੈਣ ਵਾਲੇ ਵਿਦਿਆਰਥੀ ਪੰਜਾਬ ਸਰਕਾਰ ਦੇ ਆਨਲਾਈਨ ਐਡਮਿਸ਼ਨ ਪੋਰਟਲ https://admission.punjab.gov.in/ ਉੱਪਰ ਜਾ ਕੇ ਆਨਲਾਈਨ ਦਾਖਲਾ ਫ਼ਾਰਮ ਭਰਨਗੇ। ਦਾਖਲਾ ਫਾਰਮ ਸਬੰਧੀ ਹਦਾਇਤਾਂ ਪੰਜਾਬ ਸਰਕਾਰ ਦੇ ਦਾਖਲਾ ਪੋਰਟਲ ਅਤੇ ਕਾਲਜ ਦੀ ਵੈਬਸਾਈਟ ਉੱਪਰ ਉਪਲੱਬਧ ਹਨ। ਲੇਟ ਦਾਖਲਿਆਂ/ਚਲਦੇ ਕੋਰਸਾਂ/ਪ੍ਰੀਖਿਆਵਾਂ ਸਬੰਧੀ ਸ਼ਡਿਊਲ ਪੇਜ 15 ਤੇ ਉਪਲਬਧ ਹੈ।**
- ਦਾਖਲਾ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬ ਸਰਕਾਰ ਅਤੇ ਕਾਲਜ ਵੱਲੋਂ ਨਿਰਧਾਰਿਤ ਮਿਤੀਆਂ ਅਤੇ ਨਿਯਮਾਂ ਅਨੁਸਾਰ ਕੀਤਾ ਜਾਵੇਗਾ।
- ਜੇਕਰ ਦਾਖਲੇ ਦੀ ਆਖਰੀ ਮਿਤੀ ਵਾਲੇ ਦਿਨ ਸਰਕਾਰੀ ਛੁੱਟੀ ਹੋਵੇ ਤਾਂ ਅਗਲੇ ਕੰਮ ਕਰਨ ਵਾਲੇ ਦਿਨ ਵਿਦਿਆਰਥੀਆਂ ਨੂੰ ਦਾਖਲਾ ਦਿੱਤਾ ਜਾਵੇਗਾ।
- ਜਿਨ੍ਹਾਂ ਵਿਦਿਆਰਥੀਆਂ ਨੇ 10+2 ਦੀ ਪ੍ਰੀਖਿਆ ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਬੋਰਡ ਆਫ ਸਕੂਲ ਐਜੂਕੇਸ਼ਨ ਹਰਿਆਣਾ, ਹਿਮਾਚਲ ਪ੍ਰਦੇਸ਼ ਬੋਰਡ ਆਫ ਸਕੂਲ ਐਜੂਕੇਸ਼ਨ, ਸੀ. ਬੀ. ਐਸ. ਈ. ਅਤੇ ਆਈ. ਸੀ. ਐਸ. ਈ. ਬੋਰਡਾ ਤੋਂ ਪਾਸ ਕੀਤੀ ਹੈ ਨੂੰ ਛੱਡ ਕੇ ਦੂਜੇ ਰਾਜਾਂ ਤੋਂ 10+2 ਦੀ ਪ੍ਰੀਖਿਆ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਲਈ ਯੂਨੀਵਰਸਿਟੀ ਦੀ ਰਜਿਸਟ੍ਰੇਸ਼ਨ ਬ੍ਰਾਂਚ ਤੋਂ ਪਾਤਰਤਾ (Eligibility) ਸਰਟੀਫਿਕੇਟ ਪ੍ਰਾਪਤ ਕਰਨਾ ਲਾਜ਼ਮੀ ਹੋਵੇਗਾ।
- ਬੀ. ਏ., ਬੀ.ਐਸ.ਸੀ., ਬੀ. ਕਾਮ., ਬੀ.ਕਾਮ (ਆਨਰਜ਼) ਅਤੇ ਬੀ. ਸੀ. ਏ. ਦੇ ਸਮੈਸਟਰ ਤੀਜੇ ਅਤੇ ਪੰਜਵੇ ਵਿੱਚ ਵਿਦਿਆਰਥੀ ਨੂੰ ਤਾਂ ਹੀ ਦਾਖਲਾ ਦਿੱਤਾ ਜਾਵੇਗਾ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ ਘੱਟ 50% ਪੇਪਰ ਕਲੀਅਰ ਹੋਣਗੇ। ਜੇਕਰ ਵਿਦਿਆਰਥੀ ਦੇ ਪਹਿਲੇ ਅਤੇ ਤੀਜੇ ਸਮੈਸਟਰ ਦਾ ਨਤੀਜਾ ਨਾ ਆਇਆ ਹੋਵੇ ਤਾਂ ਉਸਨੂੰ ਆਰਜ਼ੀ ਤੌਰ ਤੇ ਅਗਲੇ ਸਮੈਸਟਰ ਵਿੱਚ ਦਾਖਲਾ ਦੇ ਦਿੱਤਾ ਜਾਵੇਗਾ। ਪਰੰਤੂ ਉਸ ਸਮੈਸਟਰ ਦਾ ਇਮਤਿਹਾਨ ਦੇਣ ਦੀ ਆਗਿਆ ਤਾਂ ਹੀ ਮਿਲੇਗੀ ਜੇਕਰ ਉਕਤ ਸ਼ਰਤ ਪੂਰੀ ਹੋਵੇਗੀ।
- 10+2 ਵਿੱਚੋਂ ਰੀਅਪੀਅਰ ਵਾਲੇ ਉਮੀਦਵਾਰ ਨੂੰ ਦਾਖਲੇ ਲਈ ਯੂਨੀਵਰਸਿਟੀ ਨਿਯਮਾਂ ਅਨੁਸਾਰ ਵਿਚਾਰਿਆ ਜਾਵੇਗਾ।

- ਗਲਤ ਜਾਂ ਝੂਠੇ ਬਿਆਨ ਤੇ ਲਿਆ ਗਿਆ ਦਾਖਲਾ ਕਿਸੇ ਵੀ ਸਮੇਂ ਰੱਦ ਕੀਤਾ ਜਾ ਸਕਦਾ ਹੈ।
- ਕਾਲਜ ਅਨੁਸ਼ਾਸਨ ਦੇ ਹਿੱਤਾਂ ਲਈ ਪ੍ਰਿੰਸੀਪਲ ਨੂੰ ਕਿਸੇ ਵੀ ਵਿਦਿਆਰਥੀ ਦਾ ਦਾਖਲਾ ਅਸਵੀਕਾਰ ਕਰਨ ਦਾ ਪੂਰਾ ਅਧਿਕਾਰ ਹੈ।
- ਕਾਲਜ ਵਿੱਚ ਦਾਖਲ ਹੋਏ ਹਰ ਵਿਦਿਆਰਥੀ ਦਾ ਦਾਖਲਾ ਉਸ ਸਮੇਂ ਤੱਕ ਆਰਜ਼ੀ ਹੈ ਜਦੋਂ ਤੱਕ ਉਸ ਨੂੰ ਯੂਨੀਵਰਸਿਟੀ ਤੋਂ ਪ੍ਰਵਾਨਗੀ ਪ੍ਰਾਪਤ ਨਹੀਂ ਹੋ ਜਾਂਦੀ। ਕਿਸੇ ਵਿਦਿਆਰਥੀ ਨੂੰ ਕਿਸੇ ਵੀ ਕਾਰਨ ਦਾਖਲੇ ਦੀ ਮਨਜ਼ੂਰੀ ਨਾ ਮਿਲਣ ਤੇ ਕਾਲਜ ਜ਼ਿੰਮੇਵਾਰ ਨਹੀਂ ਹੋਵੇਗਾ।
- ਗੈਪ ਵਾਲੇ ਉਮੀਦਵਾਰਾਂ ਨੂੰ ਸੀਟਾਂ ਦੇ ਉਪਲੱਬਧ ਹੋਣ ਤੇ ਹੀ ਦਾਖਲ ਕੀਤਾ ਜਾਵੇਗਾ।
- ਪੱਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ ਅਤੇ ਘੱਟ ਗਿਣਤੀਆਂ ਲਈ ਨਿਯਮਾਂ ਅਧੀਨ ਸੀਟਾਂ ਰਾਖਵੀਆਂ/ਹੋਰ ਸਹੂਲਤਾਂ ਉਪਲੱਬਧ ਹਨ। ਇਹ ਉਮੀਦਵਾਰ ਕਾਲਜ ਦਾਖਲੇ ਸਮੇਂ ਸਬੰਧਿਤ ਸ਼੍ਰੇਣੀ ਦੇ ਪ੍ਰਮਾਣ ਪੱਤਰ ਜਮ੍ਹਾਂ ਕਰਵਾਉਣ ਤੇ ਹੀ ਸਬੰਧਿਤ ਸਹੂਲਤਾਂ ਦੇ ਹੱਕਦਾਰ ਬਣ ਸਕਣਗੇ। ਇਨ੍ਹਾਂ ਦੁਆਰਾ ਪੇਸ਼ ਕੀਤੇ ਗਏ ਪ੍ਰਮਾਣ-ਪੱਤਰ ਦੀ ਸਬੰਧਿਤ ਅਧਿਕਾਰੀ ਤੋਂ ਜਾਂਚ ਕਰਵਾਈ ਜਾ ਸਕਦੀ ਹੈ।
- ਚੰਗੇ ਖਿਡਾਰੀਆਂ ਲਈ ਨਿਯਮਾਂ ਅਧੀਨ ਦਾਖਲੇ ਲਈ ਰਿਆਇਤ ਦਿੱਤੀ ਜਾਵੇਗੀ।
- ਵਿਸ਼ਿਆਂ ਦੇ ਨਿਰਧਾਰਿਤ ਜੁੱਟ ਹੀ ਦਿੱਤੇ ਜਾਣਗੇ। ਹਰ ਵਿਸ਼ੇ ਵਿੱਚ ਨਿਰਧਾਰਤ ਗਿਣਤੀ ਪੂਰੀ ਹੋਣ ਤੋਂ ਬਾਅਦ ਉਹ ਵਿਸ਼ਾ ਨਹੀਂ ਦਿੱਤਾ ਜਾਵੇਗਾ।
- ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਘੱਟ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ।
- ਦਸਵੀਂ ਤੱਕ ਦੀ ਪੜ੍ਹਾਈ ਕਿਸੇ ਪਿੰਡ ਦੇ ਸਕੂਲ ਵਿੱਚੋਂ ਪਾਸ ਕਰਨ ਵਾਲੇ ਉਮੀਦਵਾਰ ਨੂੰ ਹੀ ਪੇਂਡੂ ਮੰਨਿਆ ਜਾਵੇਗਾ।
- ਜੇਕਰ ਕੋਈ ਵਿਦਿਆਰਥੀ ਕਿਸੇ ਹੋਰ ਯੂਨੀਵਰਸਿਟੀ ਤੋਂ ਕੋਈ ਸਮੈਸਟਰ ਪਾਸ ਕਰਨ ਉਪਰੰਤ ਇਸ ਕਾਲਜ ਵਿਖੇ ਦਾਖਲਾ ਲੈਂਦਾ ਹੈ ਤਾਂ ਆਪਣੀ ਪਿਛਲੀ ਯੂਨੀਵਰਸਿਟੀ ਤੋਂ ਪਾਸ ਕੀਤੇ ਸਾਰੇ ਸਮੈਸਟਰਾਂ ਅਤੇ ਵਿਸ਼ਿਆਂ ਦਾ ਸਿਲੇਬਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਕੋਲ ਜਮ੍ਹਾਂ ਕਰਾ ਕੇ ਆਪਣੇ ਡੈਫੀਸ਼ੈਂਟ ਪੇਪਰਾਂ ਦਾ ਫੈਸਲਾ ਕਰਵਾਉਣ ਦੀ ਜ਼ਿੰਮੇਵਾਰੀ ਉਸ ਵਿਦਿਆਰਥੀ ਦੀ ਹੋਵੇਗੀ।

## ਆਨਲਾਈਨ ਦਾਖਲਾ ਫਾਰਮ ਭਰਨ ਲਈ ਹਦਾਇਤਾਂ

- ਕਾਲਜ ਦੇ ਆਨਲਾਈਨ ਦਾਖਲਾ ਪੋਰਟਲ ਅਤੇ ਪੰਜਾਬ ਸਰਕਾਰ ਦੇ ਆਨਲਾਈਨ ਦਾਖਲਾ ਪੋਰਟਲ ਉੱਪਰ ਦਾਖਲਾ ਫਾਰਮ ਭਰਨ ਦੀ ਸਹੀ ਅਤੇ ਵਿਸਥਾਰਤ ਜਾਣਕਾਰੀ ਕਾਲਜ ਦੀ ਵੈੱਬਸਾਈਟ www.gcderabassi.ac.in ਤੇ ਉਪਲੱਬਧ ਹੈ। ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਆਨਲਾਈਨ ਦਾਖਲਾ ਫਾਰਮ ਭਰਨ ਤੋਂ ਪਹਿਲਾਂ ਕਾਲਜ ਵੈੱਬਸਾਈਟ ਉੱਪਰ ਦਿੱਤੇ ਗਏ ਦਿਸ਼ਾ-ਨਿਰਦੇਸ਼ਾਂ ਨੂੰ ਚੰਗੀ ਤਰ੍ਹਾਂ ਪੜ੍ਹ ਲੈਣ।
- **ਆਨਲਾਈਨ ਦਾਖ਼ਲਾ ਫਾਰਮ ਭਰਨ ਵੇਲੇ ਹੋਈ ਕਿਸੇ ਵੀ ਕਿਸਮ ਦੀ ਗਲਤੀ, ਅਧੂਰੇਪਣ ਜਾਂ ਅਸਪੱਸ਼ਟਤਾ ਲਈ ਵਿਦਿਆਰਥੀ ਖੁਦ ਜ਼ਿੰਮੇਵਾਰ ਹੋਵੇਗਾ।**

## ਕੋਰਸ ਅਤੇ ਕੁੱਲ ਸੀਟਾਂ

### ਰੈਗੂਲਰ ਕੋਰਸ ਅਤੇ ਕੁੱਲ ਸੀਟਾਂ ਦੀ ਗਿਣਤੀ

- ਬੀ.ਏ./ ਬੀ.ਏ. ਆਨਰਜ਼: **500**
- ਬੀ.ਐੱਸ.ਸੀ. (ਬੀ.ਐਸ.ਸੀ. ਆਨਰਜ਼):**30**
- ਬੀ.ਕਾਮ./ ਬੀ.ਕਾਮ ਆਨਰਜ਼: **60**

### ਸਵੈ-ਵਿੱਤੀ ਸਕੀਮ ਅਧੀਨ ਕੋਰਸ

- ਬੀ.ਕਾਮ./ ਬੀ.ਕਾਮ ਆਨਰਜ਼: **60**
- ਬੀ.ਸੀ.ਏ. / ਬੀ.ਸੀ.ਏ. ਆਨਰਜ: **57**
- ਬੀ.ਬੀ.ਏ. (ਬਿਜ਼ਨੈਸ ਪ੍ਰੋਸੈਸ ਰੀਇੰਜੀਨੀਅਰਿੰਗ ਐਂਡ ਮੈਨੇਜਮੈਂਟ: **50**
- ਬੀ.ਏ.(ਅਸਥੈਟਿਕ ਐਂਡ ਬਿਊਟੀ ਥੈਰੇਪੀ): **50**
- ਐੱਮ.ਕਾਮ: **40**

## ਹਾਜਰੀਆਂ ਅਤੇ ਪੁਨਰ-ਦਾਖਲਾ

- ਜੇਕਰ ਕੋਈ ਵਿਦਿਆਰਥੀ ਛੁੱਟੀ ਲਏ ਬਿਨਾਂ ਕਾਲਜ ਤੋਂ ਇੱਕ ਪੀਰੀਅਡ ਗੈਰਹਾਜ਼ਰ ਹੈ ਤਾਂ ਉਸ ਤੋਂ ਸਰਕਾਰ ਅਤੇ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਜੁਰਮਾਨਾ ਵਸੂਲ ਕੀਤਾ ਜਾਵੇਗਾ।
- ਜੇਕਰ ਕੋਈ ਵਿਦਿਆਰਥੀ ਲਗਾਤਾਰ ਦਸ ਦਿਨ ਤੱਕ ਕਿਸੇ ਵੀ ਵਿਸ਼ੇ ਦੀ ਕਲਾਸ ਵਿੱਚੋਂ ਬਿਨਾਂ ਛੁੱਟੀ ਤੋਂ ਗੈਰਹਾਜ਼ਰ ਰਹਿੰਦਾ ਹੈ, ਤਾਂ ਉਸ ਦਾ ਨਾਮ ਕਾਲਜ ਵਿੱਚੋਂ ਕੱਟ ਦਿੱਤਾ ਜਾਵੇਗਾ।
- ਜੇਕਰ ਨਾਮ ਕੱਟ ਜਾਣ ਤੋਂ ਦੋ ਹਫਤਿਆਂ ਅੰਦਰ ਵਿਦਿਆਰਥੀ ਮੁੜ ਦਾਖਲੇ ਲਈ ਬੇਨਤੀ ਕਰਦਾ ਹੈ ਤਾਂ ਪ੍ਰਿੰਸੀਪਲ ਦੀ ਆਗਿਆ ਨਾਲ ਉਸ ਨੂੰ ਮੁੜ-ਦਾਖਲਾ ਫੀਸ ਨਾਲ ਦਾਖਲ ਕੀਤਾ ਜਾ ਸਕਦਾ ਹੈ। ਇਸ ਤੋਂ ਵੱਧ ਸਮਾਂ ਬੀਤ ਜਾਣ ਤੇ ਉਸਨੂੰ ਦਾਖਲ ਨਹੀਂ ਕੀਤਾ ਜਾਵੇਗਾ।
- ਜੇਕਰ ਕੋਈ ਵਿਦਿਆਰਥੀ ਹਰ ਵਿਸ਼ੇ ਦੇ **75% ਲੈਕਚਰਾਂ** ਵਿੱਚ ਹਾਜ਼ਰ ਨਹੀਂ ਹੁੰਦਾ ਤਾਂ ਉਸ ਨੂੰ ਯੂਨੀਵਰਸਿਟੀ ਦੀ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ।

## 'ਐੱਨ.ਈ.ਪੀ. 2020' ਅੰਡਰ ਗਰੈਜੂਏਟ ਪੱਧਰ ਲਈ 'ਵੈਲਿਊ ਐਡਡ ਕੋਰਸ':

**ਸਮੈਸਟਰ 1:** ਇਨਵਾਇਰਮੇਂਟ ਐਂਡ ਰੋਡ ਸੇਫ਼ਟੀ

**ਸਮੈਸਟਰ 2:** ਡਰੱਗ ਅਬਿਊਜ਼

**ਸਮੈਸਟਰ 3:** ਯੋਗਾ ਐਂਡ ਮੈਡੀਟੇਸ਼ਨ

**ਸਮੈਸਟਰ 4:** ਨਿਊਟ੍ਰੀਸ਼ਨ ਐਂਡ ਡਾਈਟੇਟਿਕਸ

# ਬੀ.ਏ./ਬੀ.ਏ. (ਆਨਰਜ਼)

ਨਵੀਂ ਸਿੱਖਿਆ ਨੀਤੀ ਤਹਿਤ ਸ਼ੁਰੂ ਕੀਤੀ ਗਈ **ਬੀ.ਏ. (ਮਲਟੀ-ਡਿਸੀਪਲਿਨਰੀ ਯੂਜੀ ਪ੍ਰੋਗਰਾਮ) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।**

ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

## ਯੋਗਤਾ

- ਪਹਿਲੇ ਸਮੈਸਟਰ ਵਿੱਚ ਦਾਖਲਾ ਉਹਨਾਂ ਵਿਦਿਆਰਥੀਆਂ ਨੂੰ ਦਿੱਤਾ ਜਾਵੇਗਾ ਜਿਹਨਾਂ ਨੇ ਕਿਸੇ ਪ੍ਰਵਾਨਿਤ ਸੰਸਥਾ ਤੋਂ 12ਵੀਂ ਜਾਂ ਇਸ ਦੇ ਬਰਾਬਰ ਦਾ ਇਮਤਿਹਾਨ ਪਾਸ ਕੀਤਾ ਹੋਵੇ।
- ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਸ਼ੁਰੂ ਕੀਤੇ ਗਏ ਹੁਨਰ ਸਿੱਖਿਆ ਸਕੂਲ ਪ੍ਰੋਗਰਾਮ ਤਹਿਤ ਪੀ.ਐੱਸ.ਈ.ਬੀ. ਸੀਨੀਅਰ ਸੈਕੰਡਰੀ (10+2) ਪਾਸ ਸਰਟੀਫਿਕੇਟ ਪ੍ਰਾਪਤ ਵਿਦਿਆਰਥੀ ਵੀ ਦਾਖਲੇ ਦੇ ਯੋਗ ਹੋਣਗੇ।

## ਕਾਲਜ ਵਿਚ ਉਪਲਬਧ ਵਿਸ਼ੇ

### ਸੋਸ਼ਲ ਸਾਇੰਸਜ਼

- ਅਰਥ ਸ਼ਾਸਤਰ
- ਇਤਿਹਾਸ
- ਰਾਜਨੀਤੀ ਵਿਗਿਆਨ
- ਲੋਕ ਪ੍ਰਸ਼ਾਸਨ
- ਹੋਮ ਸਾਇੰਸ
- ਸਰੀਰਕ ਸਿੱਖਿਆ
- ਭੂਗੋਲ
- ਸਮਾਜ ਸ਼ਾਸਤਰ

### ਭਾਸ਼ਾਵਾਂ

- ਪੰਜਾਬੀ ਸਾਹਿਤ
- ਅੰਗਰੇਜ਼ੀ ਸਾਹਿਤ
- ਹਿੰਦੀ ਸਾਹਿਤ

### ਪਰਫਾਰਮਿੰਗ ਆਰਟਸ

- ਫਾਈਨ ਆਰਟਸ
- ਸੰਗੀਤ (ਗਾਇਣ)

### ਸੀਐੱਸਐੱਮ

- ਕੰਪਿਊਟਰ ਐਪਲੀਕੇਸ਼ਨ
- ਗਣਿਤ

## ਕਾਲਜ ਵਿਚ ਉਪਲਬਧ ਵਿਸ਼ਾ-ਜੁੱਟ

### ਵਿਸ਼ਾ-ਜੁੱਟ : 1

### ਮੇਜਰ/ਮਾਈਨਰ

- ਪੰਜਾਬੀ ਸਾਹਿਤ
- ਹਿੰਦੀ ਸਾਹਿਤ
- ਅੰਗਰੇਜ਼ੀ ਸਾਹਿਤ
- ਰਾਜਨੀਤੀ ਵਿਗਿਆਨ

### ਵਿਸ਼ਾ-ਜੁੱਟ : 2

### ਮੇਜਰ/ਮਾਈਨਰ

- ਫਾਈਨ ਆਰਟਸ
- ਅਰਥ ਸ਼ਾਸਤਰ
- ਸਮਾਜ ਸ਼ਾਸਤਰ

### ਵਿਸ਼ਾ-ਜੁੱਟ : 3

### ਮੇਜਰ/ਮਾਈਨਰ

- ਭੂਗੋਲ
- ਸੰਗੀਤ (ਗਾਇਣ)
- ਕੰਪਿਊਟਰ ਐਪਲੀਕੇਸ਼ਨ

### ਵਿਸ਼ਾ-ਜੁੱਟ : 4

### ਮੇਜਰ/ਮਾਈਨਰ

- ਲੋਕ ਪ੍ਰਸ਼ਾਸਨ
- ਹੋਮ ਸਾਇੰਸ
- ਸਰੀਰਕ ਸਿੱਖਿਆ
- ਇਤਿਹਾਸ
- ਗਣਿਤ

ਹਰੇਕ ਵਿਦਿਆਰਥੀ ਉੱਪਰ ਦਿੱਤੇ ਚਾਰ ਵਿਸ਼ਾ ਜੁੱਟਾਂ ਵਿਚੋਂ ਹਰੇਕ ਜੁੱਟ ਵਿਚੋਂ ਇਕ-ਇਕ ਵਿਸ਼ੇ ਮੇਜਰ ਜਾਂ ਮਾਈਨਰ ਦੀ ਚੋਣ ਕਰੇਗਾ। ਵਿਦਿਆਰਥੀ ਦੀ ਇੱਛਾ ਅਨੁਸਾਰ ਚੁਣੇ ਗਏ ਚਾਰ ਵਿਸ਼ਿਆਂ ਵਿਚੋਂ ਤਿੰਨ ਮੇਜਰ ਅਤੇ ਇਕ ਮਾਈਨਰ ਵਿਸ਼ਾ ਹੋਵੇਗਾ।

**ਪਹਿਲੇ ਸਮੈਸਟਰ ਵਿਚ ਦਾਖਲਾ ਲੈ ਰਹੇ ਵਿਦਿਆਰਥੀ ਕੁੱਲ ਨੌਂ ਵਿਸ਼ਿਆਂ ਦੀ ਪੜ੍ਹਾਈ ਕਰਨਗੇ। ਉਪਰੋਕਤ ਤਿੰਨ ਮੇਜਰ ਅਤੇ ਇਕ ਮਾਈਨਰ ਵਿਸ਼ੇ ਤੋਂ ਇਲਾਵਾ ਪੰਜ ਵਿਸ਼ੇ ਹੇਠ ਲਿਖੇ ਅਨੁਸਾਰ ਹੋਣਗੇ:**

- ਪੰਜਾਬੀ ਲਾਜ਼ਮੀ/ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ)
- ਏਬਿਲਟੀ ਇਨਹਾਂਸਮੈਂਟ ਕੋਰਸ (AEC)
- ਵੈਲਿਊ ਐਡਡ ਕੋਰਸ (VAC)
- ਇੰਟਰ/ਮਲਟੀ ਡਿਸੀਪਲਿਨਰੀ ਕੋਰਸ (IDC/MDC)
- ਸਕਿੱਲ ਇਨਹਾਂਸਮੈਂਟ ਕੋਰਸ (SEC)

**ਜ਼ਰੂਰੀ ਨੋਟ :**

- ਵਿਦਿਆਰਥੀ ਪੜ੍ਹਾਈ ਲਈ ਤਿੰਨ ਮੇਜਰ

ਅਤੇ ਇਕ ਮਾਈਨਰ ਵਿਸ਼ੇ ਦੀ ਚੋਣ ਕਰੇਗਾ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰੇਗਾ। ਹਰੇਕ ਵਿਸ਼ਾ ਚਾਰ ਕਰੈਡਿਟ ਦਾ ਹੋਵੇਗਾ।

- ਇਸਦੇ ਨਾਲ ਨਾਲ ਵਿਦਿਆਰਥੀ ਏਬਿਲਟੀ ਇਨਹਾਂਸਮੈਂਟ ਕੋਰਸ (ਦੋ ਕਰੈਡਿਟ) ਵੈਲਿਊ ਐਡਡ ਕੋਰਸ (ਦੋ ਕਰੈਡਿਟ), ਇੰਟਰ/ਮਲਟੀ ਡਿਸੀਪਲਿਨਰੀ ਕੋਰਸ (ਤਿੰਨ ਕਰੈਡਿਟ) ਅਤੇ ਸਕਿੱਲ ਇਨਹਾਂਸਮੈਂਟ ਕੋਰਸ (ਤਿੰਨ ਕਰੈਡਿਟ) ਦੀ ਪੜ੍ਹਾਈ ਕਰੇਗਾ।
- ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਪਹਿਲੇ ਚਾਰ ਸਮੈਸਟਰ ਅਤੇ ਇੰਟਰ/ਮਲਟੀ ਡਿਸੀਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਅਤੇ ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਪੜ੍ਹਾਇਆ ਜਾਵੇਗਾ। ਇੰਟਰਨਸ਼ਿਪ/ ਕਮਿਊਨਟੀ ਸਰਵਿਸ, ਫੀਲਡ ਬੇਸਡ ਲਰਨਿੰਗ, ਮਾਈਨਰ ਪ੍ਰੋਜੈਕਟ, ਵੋਕੇਸ਼ਨਲ ਕੋਰਸ **(30 ਘੰਟੇ ਪ੍ਰਤੀ ਕਰੈਡਿਟ x 4 ਕਰੈਡਿਟ = 120)** ਲਾਜ਼ਮੀ ਹੈ।

## B.A./ B.A. (Honours)

Multidisciplinary UG Programme

**Social Sciences/ Languages/ Performing Arts**

| Semester | MAJ-A | MAJ-B | MAJ-C | MIN | IDC/MDC | AEC | SEC | VAC (Comm) | Pbi. Comp** | Total |
|---|---|---|---|---|---|---|---|---|---|---|
| **Credits** | **4** | **4** | **4** | **4** | **3** | **2** | **3** | **2** | **4** | |
| I | MAJ-A- 1 | MAJ-B-1 | MAJ-C-1 | Min-1 | IDC/MDC-1 | Eng-1 | SEC-1 | VAC-1 | PBI-1 | 30 |
| II | MAJ-A- 2 | MAJ-B-2 | MAJ-C-2 | Min-2 | IDC/MDC-2 | Eng-2 | SEC-2 | VAC-2 | PBI-2 | 30 |
| Students who wish to exit after First Year will have to complete their Vocational Course/ Internship/ Apprenticeship of 4 credits (30 hours per credit x 4 credits = 120 hours) before the exit in order to be eligible for award of UG CERTIFICATE COURSE | | | | | | | | | | |
| III | MAJ-A- 3 | MAJ-B-3 | MAJ-C-3 | Min-3 | | Eng-3/ MIL-1 | SEC-3 | VAC-3 | PBI-3 | 27 |
| IV | MAJ-A-4 | MAJ-B-4 | MAJ-C-4 | Min-4 | IDC/MDC-3 | Eng-4/ MIL-2 | | VAC-4 | PBI-4 | 27 |
| Students who wish to exit after Second Year will have to complete their Vocational Course/ Internship/ Apprenticeship of 4 credits (30 hours per credits x 4 credits = 120 hours) before the exit in order to be eligible for award of UG DIPLOMA COURSE | | | | | | | | | | |
| V | MAJ-A-5 | MAJ-B-5 | MAJ-C-5 | Min-5 | | | IT/CS* | | PBI-5 | 20+4* |
| VI | MAJ-A- 6 | MAJ-B-6 | MAJ-C-6 | Min-6 | | | | | PBI-6 | 24 |
| | MAJ-A- 7 | | | | | | | | | |
| After successful completion of 3 years of the Programme candidate will be awarded a degree of B.A.. in Major and Minor as applicable. The candidate will be awarded Minor only if he/she completes at least 12 credits from a specific Minor in the first three years. | | | | | | | | | | |
| VII | MAJ-A- 8 | MAJ-B-7 | MAJ-C-7 | Min-7 | | | | | PBI-7 | 24 |
| | | MAJ-B-8 | | | | | | | | |
| VIII | MAJ-A- 9 | MAJ-B-9 | MAJ-C-8 | Min-8 | | | | | PBI-8 | 24 |
| | | | MAJ-C-9 | | | | | | | |
| After successful completion of 4 years of the Programme candidate will be awarded a degree of B.A.. (Honours) with Major and Minor as applicable. The candidate will be awarded Minor only if he/she completes at least 16 credits from a specific Minor in the first four years. | | | | | | | | | | |

# ਬੀ.ਐੱਸ.ਸੀ./ ਬੀ.ਐੱਸ.ਸੀ. (ਆਨਰਜ਼)

**ਨਵੀਂ ਸਿੱਖਿਆ ਨੀਤੀ ਤਹਿਤ ਸ਼ੁਰੂ ਕੀਤੀ ਗਈ ਬੀ.ਐੱਸ.ਸੀ. (ਮਲਟੀ-ਡਿਸੀਪਲਿਨਰੀ ਯੂਜੀ ਪ੍ਰੋਗਰਾਮ) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।**

ਇਸ ਨੀਤੀ ਅਨੁਸਾਰ ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

### ਯੋਗਤਾ

- ਉਮੀਦਵਾਰ ਨੇ ਕਿਸੇ ਪ੍ਰਵਾਨਿਤ ਸੰਸਥਾ ਤੋਂ ਸਾਇੰਸ ਵਿਸ਼ਿਆਂ ਨਾਲ 10+2 ਦੀ ਪ੍ਰੀਖਿਆ ਪਾਸ ਕੀਤੀ ਹੋਵੇ।

### ਕਾਲਜ ਵਿਚ ਉਪਲਬਧ ਵਿਸ਼ੇ

#### ਫਿਜ਼ੀਕਲ ਸਾਇੰਸਜ਼

- ਫਿਜ਼ਿਕਸ
- ਕੈਮਿਸਟਰੀ
- ਮੈਥ

#### ਕੰਪਿਊਟਰ ਸਾਇੰਸ

- ਕੰਪਿਊਟਰ ਸਾਇੰਸ
- ਇਨਫਾਰਮੇਸ਼ਨ ਟੈਕਨਾਲੋਜ਼ੀ

### ਜ਼ਰੂਰੀ ਨੋਟ :

- ਵਿਦਿਆਰਥੀ ਪੜ੍ਹਾਈ ਲਈ ਤਿੰਨ ਮੇਜਰ ਅਤੇ ਇਕ ਮਾਈਨਰ ਵਿਸ਼ੇ ਦੀ ਚੋਣ ਕਰੇਗਾ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਕਰੇਗਾ। ਹਰੇਕ ਵਿਸ਼ਾ ਚਾਰ ਕਰੈਡਿਟ ਦਾ ਹੋਵੇਗਾ। ਇਸਦੇ ਨਾਲ ਵਿਦਿਆਰਥੀ ਏਬਿਲਟੀ ਇਨਹਾਂਸਮੈਂਟ ਕੋਰਸ, ਇੰਟਰ ਮਲਟੀ ਡਿਸੀਪਲਿਨਰੀ ਕੋਰਸ, ਸਕਿੱਲ ਇਨਹਾਂਸਮੈਂਟ ਕੋਰਸ, ਵੈਲਿਊ ਐਡਡ ਕੋਰਸ ਦੀ ਪੜ੍ਹਾਈ ਵੀ ਕਰੇਗਾ। ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ 2 ਕਰੈਡਿਟ ਦੇ ਹੋਣਗੇ ਅਤੇ ਪਹਿਲੇ ਚਾਰ ਸਮੈਸਟਰ ਪੜ੍ਹਾਏ ਜਾਣਗੇ। ਇੰਟਰ/ ਮਲਟੀ ਡਿਸਪਲਿਨਰੀ ਕੋਰਸ ਤੇ ਸਕਿੱਲ ਇਨਹਾਂਸਮੈਂਟ ਕੋਰਸ 3 ਕਰੈਡਿਟ ਦੇ ਹੋਣਗੇ।
- ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਅਤੇ ਇੰਟਰ/ਮਲਟੀ ਡਿਸਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ।
- ਹਰੇਕ ਵਿਦਿਆਰਥੀ ਲਈ ਇੰਟਰਨਸ਼ਿਪ/ ਕਮਿਊਨਟੀ ਸਰਵਿਸ, ਫੀਲਡ ਬੇਸਡ ਲਰਨਿੰਗ, ਮਾਈਨਰ ਪ੍ਰੋਜੈਕਟ, ਵੋਕੇਸ਼ਨਲ ਕੋਰਸ ਆਦਿ **(30 ਘੰਟੇ ਪ੍ਰਤੀ ਕਰੈਡਿਟ x 4 ਕਰੈਡਿਟ = 120)** ਲਾਜ਼ਮੀ ਹੈ।

## B.Sc./ B.Sc. (Honours)

Multidisciplinary UG Programme

**Life Sciences/Physical Sciences/ Computer Sciences**

| Semester | MAJ-A | MAJ-B | MAJ-C | MIN | IDC/MDC | AEC | SEC | VAC (Comm) | Pbi. Comp** | Total |
|---|---|---|---|---|---|---|---|---|---|---|
| Credits | 4 | 4 | 4 | 4 | 3 | 2 | 3 | 2 | 4 | |
| I | MAJ-A- 1 | MAJ-B-1 | MAJ-C-1 | Min-1 | IDC/MDC-1 | Eng-1 | SEC-1 | VAC-1 | PBI-1 | 30 |
| II | MAJ-A- 2 | MAJ-B-2 | MAJ-C-2 | Min-2 | IDC/MDC-2 | Eng-2 | SEC-2 | VAC-2 | PBI-2 | 30 |
| Students who wish to exit after First Year will have to complete their Vocational Course/ Internship/ Apprenticeship of 4 credits (30 hours per credit x 4 credits = 120 hours) before the exit in order to be eligible for award of UG CERTIFICATE COURSE | | | | | | | | | | |
| III | MAJ-A- 3 | MAJ-B-3 | MAJ-C-3 | Min-3 | | Eng-3/ MIL-1 | SEC-3 | VAC-3 | PBI-3 | 27 |
| IV | MAJ-A-4 | MAJ-B-4 | MAJ-C-4 | Min-4 | IDC/MDC-3 | Eng-4/ MIL-2 | | VAC-4 | PBI-4 | 27 |
| Students who wish to exit after Second Year will have to complete their Vocational Course/ Internship/ Apprenticeship of 4 credits (30 hours per credits x 4 credits = 120 hours) before the exit in order to be eligible for award of UG DIPLOMA COURSE | | | | | | | | | | |

| | | | | | | | | | | |
|---|---|---|---|---|---|---|---|---|---|---|
| V | MAJ-A-5 | MAJ-B-5 | MAJ-C-5 | Min-5 | | | IT/CS* | | PBI-5 | 20+4* |
| VI | MAJ-A- 6 | MAJ-B-6 | MAJ-C-6 | Min-6 | | | | | PBI-6 | 24 |
| | MAJ-A- 7 | | | | | | | | | |
| After successful completion of 3 years of the Programme candidate will be awarded a degree of B.Sc. in Major and Minor as applicable. The candidate will be awarded Minor only if he/she completes at least 12 credits from a specific Minor in the first three years. | | | | | | | | | | |
| VII | MAJ-A- 8 | MAJ-B-7 | MAJ-C-7 | Min-7 | | | | | PBI-7 | 24 |
| | | MAJ-B-8 | | | | | | | | |
| VIII | MAJ-A- 9 | MAJ-B-9 | MAJ-C-8 | Min-8 | | | | | PBI-8 | 24 |
| | | | MAJ-C-9 | | | | | | | |
| After successful completion of 4 years of the Programme candidate will be awarded a degree of B.Sc. (Honours) with Major and Minor as applicable. The candidate will be awarded Minor only if he/she completes at least 16 credits from a specific Minor in the first four years. | | | | | | | | | | |

## ਬੀ.ਕਾਮ/ਬੀ.ਕਾਮ (ਆਨਰਜ਼)

**ਬੀ.ਕਾਮ (ਆਨਰਜ਼) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।**

ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

### ਯੋਗਤਾ

- ਉਮੀਦਵਾਰ ਨੇ ਕਿਸੇ ਪ੍ਰਵਾਨਿਤ ਸੰਸਥਾ ਤੋਂ 10+2 ਜਾਂ ਇਸ ਦੇ ਬਰਾਬਰ ਦਾ ਮਾਨਤਾ ਪ੍ਰਾਪਤ ਇਮਤਿਹਾਨ ਹੇਠ ਲਿਖੀਆਂ ਸ਼ਰਤਾਂ ਸਹਿਤ ਪਾਸ ਕੀਤਾ ਹੋਵੇ:
- ਕਾਮਰਸ ਗਰੁੱਪ ਦੇ ਵਿਦਿਆਰਥੀ ਦੇ ਘੱਟੋ ਘੱਟ 40 ਪ੍ਰਤੀਸ਼ਤ ਕੁੱਲ ਅੰਕ ਹੋਣੇ ਚਾਹੀਦੇ ਹਨ।
- ਗਣਿਤ/ਅਰਥ ਸ਼ਾਸਤਰ/ਮੈਨੇਜਮੈਂਟ ਵਿੱਚੋਂ ਵਿਦਿਆਰਥੀ ਨੇ ਘੱਟੋ ਘੱਟ ਦੋ ਵਿਸ਼ਿਆਂ ਨਾਲ 10+2 (ਆਰਟਸ) ਦਾ ਇਮਤਿਹਾਨ 45 ਪ੍ਰਤੀਸ਼ਤ ਅੰਕਾਂ ਨਾਲ ਪਾਸ ਕੀਤਾ ਹੋਵੇ।
- ਦੂਜੇ ਕਿਸੇ ਵੀ ਗਰੁੱਪ ਵਿੱਚੋਂ ਘੱਟੋ ਘੱਟ 50 ਪ੍ਰਤੀਸ਼ਤ ਅੰਕ ਹੋਣੇ ਚਾਹੀਦੇ ਹਨ।

### ਜ਼ਰੂਰੀ ਨੋਟ :

- ਉਮੀਦਵਾਰ ਕੇਵਲ ਯੋਗਤਾ ਪੂਰੀ ਕਰਨ ਨਾਲ ਹੀ ਦਾਖਲੇ ਦਾ ਅਧਿਕਾਰੀ ਨਹੀਂ ਬਣ ਜਾਂਦਾ ਕਿਉਂਕਿ ਦਾਖਲਾ ਮੈਰਿਟ ਅਨੁਸਾਰ ਕੀਤਾ ਜਾਵੇਗਾ। ਮੈਰਿਟ ਵਿਚ ਆਉਣ ਵਾਲ਼ੇ ਵਿਦਿਆਰਥੀ ਦੁਆਰਾ ਨਿਸ਼ਚਿਤ ਸਮੇਂ ਵਿਚ ਫੀਸ ਨਾ ਭਰਨ ਦੀ ਸੂਰਤ ਵਿਚ ਸੀਟ ਅਗਲੇ ਉਮੀਦਵਾਰ ਨੂੰ ਦੇ ਦਿੱਤੀ ਜਾਵੇਗੀ।
- ਵਿਦਿਆਰਥੀ ਮੇਜਰ, ਮਾਈਨਰ, ਪੰਜਾਬੀ (ਲਾਜ਼ਮੀ), ਇੰਟਰ/ਮਲਟੀ ਡਿਸਪਲਿਨਰੀ ਕੋਰਸ, ਸਕਿੱਲ ਇਨਹਾਸਮੈਂਟ ਕੋਰਸ, ਏਬਿਲਟੀ ਇਨਹਾਸਮੈਂਟ ਕੋਰਸ, ਵੈਲਿਊ ਐਡਡ ਕੋਰਸ ਦੀ ਪੜ੍ਹਾਈ ਕਰੇਗਾ।
- ਪਹਿਲੇ ਚਾਰ ਸਮੈਸਟਰਾਂ ਵਿੱਚ ਹਰੇਕ ਵਿੱਚ ਦੋ ਮੇਜਰ ਅਤੇ ਆਖਰੀ ਚਾਰ ਸਮੈਸਟਰਾਂ ਵਿੱਚ ਹਰੇਕ ਵਿੱਚ ਚਾਰ ਮੇਜਰ ਵਿਸ਼ੇ ਪੜ੍ਹਾਏ ਜਾਣਗੇ। ਕੁੱਲ ਅੱਠ ਸਮੈਸਟਰਾਂ ਵਿੱਚ ਹਰੇਕ ਸਮੈਸਟਰ ਇਕ ਮਾਈਨਰ ਅਤੇ ਲਾਜ਼ਮੀ ਪੰਜਾਬੀ ਵਿਸ਼ੇ ਦੀ ਪੜ੍ਹਾਈ ਹੋਵੇਗਾ।
- ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਪਹਿਲੇ ਚਾਰ ਸਮੈਸਟਰ, ਸਕਿੱਲ ਇਨਹਾਂਸਮੈਂਟ ਕੋਰਸ ਪਹਿਲੇ ਤਿੰਨ ਸਮੈਸਟਰ ਅਤੇ ਇੰਟਰ/ਮਲਟੀ ਡਿਸਪਲਿਨਰੀ ਕੋਰਸ ਪਹਿਲੇ, ਦੂਜੇ ਅਤੇ ਚੌਥੇ ਸਮੈਸਟਰ ਵਿੱਚ ਪੜ੍ਹਾਇਆ ਜਾਵੇਗਾ।
- ਮੇਜਰ, ਮਾਈਨਰ ਅਤੇ ਪੰਜਾਬੀ (ਲਾਜ਼ਮੀ) ਦੇ ਚਾਰ-ਚਾਰ ਕਰੈਡਿਟ, ਇੰਟਰ/ਮਲਟੀ ਡਿਸਪਲਿਨਰੀ ਕੋਰਸ ਅਤੇ ਸਕਿੱਲ ਇਨਹਾਂਸਮੈਂਟ ਕੋਰਸ ਦੇ ਤਿੰਨ-ਤਿੰਨ ਕਰੈਡਿਟ ਅਤੇ ਏਬਿਲਟੀ ਇਨਹਾਂਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਦੇ ਦੋ-ਦੋ ਕਰੈਡਿਟ ਹਨ।
- ਇਸ ਤੋਂ ਇਲਾਵਾ ਹਰੇਕ ਵਿਦਿਆਰਥੀ ਲਈ ਸਮਰ ਇੰਟਰਨਸ਼ਿਪ/ਕਮਿਊਨਿਟੀ ਸਰਵਿਸ/ਫੀਲਡ ਬੇਸਡ ਲਰਨਿੰਗ/ਮਾਈਨਰ ਪ੍ਰੋਜੈਕਟ/ਵੋਕੇਸ਼ਨਲ ਕੋਰਸ ਆਦਿ **(30 ਘੰਟੇ ਪ੍ਰਤੀ ਕਰੈਡਿਟ x 4 ਕਰੈਡਿਟ = 120 ਘੰਟੇ)** ਵੀ ਲਾਜ਼ਮੀ ਹੈ।

# B.Com./ B.Com. (Honours)

Single Major UG Programme

| Semester | MAJ | MIN | IDC/MDC | AEC | SEC | VAC (Comm) | Pbi. Comp** | Total |
|---|---|---|---|---|---|---|---|---|
| Credits | 4 | 4 | 3 | 2 | 3 | 2 | 4 | |
| I | MAJ-1 | MIN-1 | IDC/MDC-1 | Eng-1 | SEC-1 | VAC-1 | PBI-1 | 26 |
| | MAJ-2 | | | | | | | |
| II | MAJ-3 | MIN-2 | IDC/MDC-2 | Eng-2 | SEC-2 | VAC-2 | PBI-2 | 26 |
| | MAJ-4 | | | | | | | |
| Students who wish to exit after First Year will have to complete their Vocational Course/ Internship/ Apprenticeship of 4 credits (30 hours per credit x 4 credits = 120 hours) before the exit in order to be eligible for award of UG CERTIFICATE COURSE | | | | | | | | |
| III | MAJ-5 | MIN-3 | | Eng-3/ MIL-1 | SEC-3 | VAC-3 | PBI-3 | 23 |
| | MAJ-6 | | | | | | | |
| IV | MAJ-7 | MIN-4 | IDC/MDC-3 | Eng-4/ MIL-2 | | VAC-4 | PBI-4 | 23 |
| | MAJ-8 | | | | | | | |
| Students who wish to exit after Second Year will have to complete their Vocational Course/ Internship/ Apprenticeship of 4 credits (30 hours per credits x 4 credits = 120 hours) before the exit in order to be eligible for award of UG DIPLOMA COURSE | | | | | | | | |
| V | MAJ-9 | MIN-5 | | | IT/CS* | | PBI-5 | 24+4* |
| | MAJ-10 | | | | | | | |
| | MAJ-11 | | | | | | | |
| | MAJ-12 | | | | | | | |
| VI | MAJ-13 | MIN-6 | | | | | PBI-6 | 24 |
| | MAJ-14 | | | | | | | |
| | MAJ-15 | | | | | | | |
| | MAJ-16 | | | | | | | |
| After successful completion of 3 years of the Programme candidate will be awarded a degree of B. Com. in specific Major and Minor as applicable. The candidate will be awarded Minor only if he/she completes at least 12 credits from a specific Minor in the first three years. | | | | | | | | |
| VII | MAJ-17 | MIN-7 | | | | | PBI-7 | 24 |
| | MAJ-18 | | | | | | | |
| | MAJ-19 | | | | | | | |
| | MAJ-20 | | | | | | | |
| VIII | MAJ-21 | MIN-8 | | | | | PBI-8 | 24 |
| | MAJ-22 | | | | | | | |
| | MAJ-23 | | | | | | | |
| | MAJ-24 | | | | | | | |
| After successful completion of 4 years of the Programme candidate will be awarded a degree of B.Com. (Honours) with specific Major and Minor as applicable. The candidate will be awarded Minor only if he/she completes at least 16 credits from a specific Minor in the first four years. | | | | | | | | |

# ਸਵੈ-ਵਿੱਤੀ ਕੋਰਸ

# (Self Financing Courses)

**ਐੱਚ.ਈ.ਆਈ.ਐੱਸ. ਅਧੀਨ ਹੇਠਾਂ ਦਿੱਤੇ ਸਵੈ-ਵਿੱਤੀ ਕੋਰਸ ਪੰਜਾਬੀ ਯੂਨੀਵਰਸਿਟੀ ਪਟਿਆਲਾ ਅਧੀਨ ਚਲਾਏ ਜਾ ਰਹੇ ਹਨ।**

## ਬੀ.ਕਾਮ/ ਬੀ.ਕਾਮ (ਆਨਰਜ਼)

**ਬੀ.ਕਾਮ (ਆਨਰਜ਼) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।** ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

### ਕੋਰਸ ਬਾਰੇ, ਯੋਗਤਾਵਾਂ ਅਤੇ ਵਿਸ਼ੇ:

**ਕੋਰਸ ਬਾਰੇ, ਅਤੇ ਕੋਰਸ ਵਿੱਚ ਦਾਖਲਾ ਲੈਣ ਦੀਆਂ ਯੋਗਤਾਵਾਂ ਅਤੇ ਵਿਸ਼ੇ ਪਿੱਛੇ ਦਰਸਾਏ ਬੀ.ਕਾਮ./ਬੀ.ਕਾਮ. (ਆਨਰਜ਼) ਵਾਲੇ ਹੋਣਗੇ।**

## ਬੀ.ਸੀ.ਏ./ਬੀ.ਸੀ.ਏ. (ਆਨਰਜ਼)

**ਬੀ.ਸੀ.ਏ./ਬੀ.ਸੀ.ਏ. (ਆਨਰਜ਼) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।**

ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

### ਯੋਗਤਾ

- ਉਹ ਵਿਦਿਆਰਥੀ ਜਿਨ੍ਹਾਂ ਨੇ 10+2 ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹਨ।

### ਜ਼ਰੂਰੀ ਨੋਟ:

- ਵਿਦਿਆਰਥੀ ਅੱਠ ਸਮੈਸਟਰਾਂ ਦੌਰਾਨ ਕੋਰ ਵਿਸ਼ੇ, ਡਿਸਪਲਿਨ ਸਪੈਸੀਫਿਕ ਇਲੈਕਟਿਵ, ਮਲਟੀ ਡਿਸਪਲਿਨਰੀ ਇਲੈਕਟਿਵ, ਪੰਜਾਬੀ (ਲਾਜ਼ਮੀ), ਸਕਿੱਲ ਇਨਹਾਂਸਮੈਂਟ ਕੋਰਸ, ਏਬਿਲਟੀ ਇਨਹਾਸਮੈਂਟ ਕੋਰਸ ਅਤੇ ਵੈਲਿਊ ਐਡਡ ਕੋਰਸ ਦੀ ਪੜ੍ਹਾਈ ਕਰੇਗਾ।
- ਵਿਦਿਆਰਥੀ ਨੂੰ ਪਹਿਲੇ ਸਮੈਸਟਰ ਵਿੱਚ ਦੋ, ਦੂਜੇ, ਤੀਜੇ ਅਤੇ ਚੌਥੇ ਸਮੈਸਟਰ ਵਿੱਚ ਤਿੰਨ-ਤਿੰਨ, ਪੰਜਵੇਂ, ਛੇਵੇਂ ਅਤੇ ਸੱਤਵੇਂ ਸਮੈਸਟਰ ਵਿੱਚ ਇਕ-ਇਕ ਕੋਰ ਵਿਸ਼ੇ ਪੜ੍ਹਾਏ ਜਾਣਗੇ।
- ਡਿਸਪਲਿਨ ਸਪੈਸੀਫਿਕ ਇਲੈਕਟਿਵ ਦੇ ਤੀਜੇ ਅਤੇ ਚੌਥੇ ਸਮੈਸਟਰ ਵਿੱਚ ਇੱਕ-ਇੱਕ, ਪੰਜਵੇਂ ਅਤੇ ਛੇਵੇਂ ਸਮੈਸਟਰ ਵਿੱਚ ਤਿੰਨ-ਤਿੰਨ, ਸੱਤਵੇਂ ਸਮੈਸਟਰ ਵਿੱਚ ਦੋ ਅਤੇ ਅੱਠਵੇਂ ਸਮੈਸਟਰ ਵਿੱਚ ਤਿੰਨ ਪੇਪਰ ਪੜ੍ਹਾਏ ਜਾਣਗੇ।
- ਮਲਟੀ ਡਿਸਪਲਿਨਰੀ ਇਲੈਕਟਿਵ ਵਿਸ਼ਾ ਪਹਿਲੇ ਅਤੇ ਸੱਤਵੇਂ ਸਮੈਸਟਰ ਵਿੱਚ , ਵੈਲਿਊ ਐਡਡ ਕੋਰਸ ਤੇ ਪੰਜਾਬੀ ਲਾਜ਼ਮੀ ਪਹਿਲੇ ਚਾਰ ਸਮੈਸਟਰ ਅਤੇ ਏਬਿਲਟੀ ਇਨਹਾਂਸਮੈਂਟ ਕੋਰਸ ਪਹਿਲੇ ਦੋ ਸਮੈਸਟਰ ਪੜ੍ਹਾਇਆ ਜਾਵੇਗਾ।
- ਇਸਦੇ ਨਾਲ ਹੀ ਹਰੇਕ ਵਿਦਿਆਰਥੀ ਲਈ **ਅੱਠ ਹਫਤਿਆਂ ਦੀ ਸਮਰ ਇੰਟਰਨਸ਼ਿਪ/ਕੇਪਸਟੋਨ ਪ੍ਰੋਜੈਕਟ** ਵੀ ਲਾਜ਼ਮੀ ਹੈ।

# B.C.A./ B.C.A. (Honours)

Single Major UG Programme

**As per the AICTE Model Curriculum**

| Semester | CORE | DSE | MDE | AEC | SEC | VAC | Pbi. Comp** | Total |
|---|---|---|---|---|---|---|---|---|
| **Credits** | **4** | **4** | **3** | **2** | **(4), (5) or (8)** | **2** | **4** | |
| I | Core-1 | - | MDE-1 | Eng-1 | SEC-1(5) | VAC-1 | PBI-1 | 24 |
| | Core-2 | | | | | | | |
| II | Core-3 | - | - | Eng-2 | SEC-2(5) | VAC-2 | PBI-2 | 25 |
| | Core-4 | | | | | | | |
| | Core-5 | | | | | | | |
| The students shall have an option to exit after 1st year of Computer Applications and will be awarded with a UG Certificate in Computer Applications. Students on exit have to compulsorily complete additional 04 Credits either in a Skill-based Subject/Work-based Vocational Course/ Internship/ Apprenticeship/Social Responsibility & Community Engagement of minimum 08 weeks duration after the second semester of minimum 08 weeks of duration as decided by the University. The exiting students will clear the subject / submit the Internship Report as per the University schedule. | | | | | | | | |
| III | Core-6 | DSE-1 | | | SEC-3(5) | VAC-3 | PBI-3 | 27 |
| | Core-7 | | | | | | | |
| | Core-8 | | | | | | | |
| IV | Core-9 | DSE-2 | | | SEC-4(5) | VAC-4 | PBI-4 | 27 |
| | Core-10 | | | | | | | |
| | Core-11 | | | | | | | |
| The students shall have an option to exit after 2nd year of Computer Applications Program and will be awarded with a UG Diploma in Computer Applications. Students on exit have to compulsorily complete additional 04 Credits either in a Skill-based Subject/Work-based Vocational Course/ Internship/ Apprenticeship/Social Responsibility & Community Engagement / Capstone Project after the fourth semester of minimum 08 weeks of duration as decided by the University. The exiting students will clear the subject / submit the Internship Report as per the University schedule. | | | | | | | | |
| V | Core-12 | DSE-3 | | | SEC-5(5) | | | 21+4* |
| | | DSE-4 | | | | | | |
| | | DSE-5 | | | Intrn/CP* | | | |
| VI | Core-13 | DSE-6 | | | SEC-6(4) | | | 20 |
| | | DSE-7 | | | | | | |
| | | DSE-8 | | | | | | |
| After successful completion of 3 years of the Programme candidate will be awarded a degree of Bachelor in Computer Applications. | | | | | | | | |
| VII | Core-14 | DSE-9 | MDE-2 | | SEC-7(5) | | | 21 |
| | | DSE-10 | | | | | | |
| VIII | | DSE-11 | | | SEC-8(8) | | | 20 |
| | | DSE-12 | | | | | | |
| | | DSE-13 | | | | | | |
| After successful completion of 4 years of the Programme candidate will be awarded a degree of Bachelor in Computer Applications (Honours). | | | | | | | | |

# ਬੀ.ਬੀ.ਏ./ਬੀ.ਬੀ.ਏ. (ਆਨਰਜ਼) ਬਿਜ਼ਨਸ ਪ੍ਰੋਸੈਸ ਰੀਇੰਜੀਨੀਅਰਿੰਗ ਐਂਡ ਮੈਨੇਜਮੈਂਟ

**ਬੀ.ਬੀ.ਏ./ਬੀ.ਬੀ.ਏ. (ਆਨਰਜ਼) ਚਾਰ ਸਾਲ (ਅੱਠ ਸਮੈਸਟਰ) ਦਾ ਕੋਰਸ ਹੈ।**

ਪਹਿਲਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਸਰਟੀਫਿਕੇਟ**, ਦੂਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਪਲੋਮਾ**, ਤੀਜਾ ਸਾਲ ਪਾਸ ਕਰਨ ਤੋਂ ਬਾਅਦ ਕਾਲਜ ਛੱਡਣ ਵਾਲੇ ਵਿਦਿਆਰਥੀਆਂ ਨੂੰ **ਡਿਗਰੀ** ਅਤੇ ਚੌਥਾ ਸਾਲ ਪਾਸ ਕਰਨ ਵਾਲੇ ਵਿਦਿਆਰਥੀਆਂ ਨੂੰ **ਡਿਗਰੀ ਵਿਦ ਆਨਰਜ਼** ਪ੍ਰਦਾਨ ਕੀਤੀ ਜਾਵੇਗੀ।

### ਯੋਗਤਾ:

- ਉਹ ਵਿਦਿਆਰਥੀ ਜਿਨ੍ਹਾਂ ਨੇ 10+2 ਪਾਸ ਕੀਤੀ ਹੈ ਉਹ ਇਸ ਕੋਰਸ ਵਿੱਚ ਦਾਖਲਾ ਲੈਣ ਦੇ ਯੋਗ ਹਨ।
- ਜਨਰਲ ਕੈਟਾਗਰੀ ਦੇ ਵਿਦਿਆਰਥੀਆਂ ਨੇ 12ਵੀਂ ਵਿੱਚੋਂ ਘੱਟੋ ਘੱਟ 50% ਅੰਕ ਅਤੇ ਐਸ.ਸੀ./ਐਸ.ਟੀ. ਕੈਟਾਗਰੀ ਦੇ ਵਿਦਿਆਰਥੀਆਂ ਨੇ ਘੱਟੋ ਘੱਟ 45% ਅੰਕ ਪ੍ਰਾਪਤ ਕੀਤੇ ਹੋਣ।

# ਐੱਮ.ਕਾਮ.

**ਐੱਮ.ਕਾਮ. ਦੋ ਸਾਲ (4 ਸਮੈਸਟਰ) ਦਾ ਕੋਰਸ ਹੈ।**

### ਯੋਗਤਾ:

- ਬੀ.ਕਾਮ ਵਿੱਚ ਘੱਟ ਤੋਂ ਘੱਟ 50 ਫੀਸਦੀ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਐੱਮ.ਕਾਮ. ਕੋਰਸ ਵਿੱਚ ਦਾਖਲੇ ਲਈ ਯੋਗ ਹੋਣਗੇ।

### ਜ਼ਰੂਰੀ ਨੋਟ:

- ਕੁੱਲ ਚਾਰ ਸਮੈਸਟਰਾਂ ਵਿੱਚ ਵਿਦਿਆਰਥੀ ਹਰੇਕ ਸਮੈਸਟਰ ਪੰਜ ਵਿਸ਼ਿਆਂ/ਪੇਪਰਾਂ ਦੀ ਪੜ੍ਹਾਈ ਕਰੇਗਾ।
- ਦੂਜੇ ਸਮੈਸਟਰ ਵਿੱਚ ਪੰਜਾਬੀ ਦਾ ਕੁਆਲੀਫਾਇੰਗ ਪੇਪਰ ਵੀ ਪਾਸ ਕਰਨਾ ਜ਼ਰੂਰੀ ਹੈ।
- ਵਿਸ਼ਿਆਂ ਸਬੰਧੀ ਵਿਸਥਾਰਤ ਜਾਣਕਾਰੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਜਾਰੀ ਪਾਠਕ੍ਰਮ ਵਿੱਚ ਉਪਲਬਧ ਹੈ।

### ਵਿਸ਼ੇਸ਼ ਨੋਟ:

- **ਸੈਸ਼ਨ ਦੌਰਾਨ ਕੋਈ ਵੀ ਕਲਾਸ ਜਾਂ ਵਿਸ਼ਾ ਤਾਂ ਹੀ ਸ਼ੁਰੂ ਹੋਵੇਗਾ ਜੇਕਰ ਉਸ ਵਿੱਚ ਘੱਟੋ-ਘੱਟ 10 ਵਿਦਿਆਰਥੀ ਦਾਖਲ ਹੋਣਗੇ।**
- **ਜਿਹੜੇ ਵਿਦਿਆਰਥੀ ਪੰਜਾਬ ਰਾਜ ਤੋਂ ਬਾਹਰੋਂ ਦਸਵੀਂ ਅਤੇ ਬਾਰਵੀਂ ਦੀ ਪ੍ਰੀਖਿਆ ਪਾਸ ਕਰਕੇ ਆਏ ਹਨ ਅਤੇ ਦਸਵੀਂ ਤੇ ਬਾਰਵੀਂ ਵਿੱਚ ਪੰਜਾਬੀ ਲਾਜ਼ਮੀ ਵਿਸ਼ਾ ਨਹੀਂ ਪੜ੍ਹਿਆ ਜਾਂ ਜਿਨ੍ਹਾਂ ਦੇ ਮਾਂ-ਬਾਪ ਸੁਰੱਖਿਆ ਸੈਨਾਵਾਂ ਵਿੱਚ ਹਨ, ਉਹ ਪੰਜਾਬੀ ਲਾਜ਼ਮੀ ਦੀ ਜਗ੍ਹਾ ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) ਦਾ ਵਿਸ਼ਾ ਪੜ੍ਹ ਸਕਦੇ ਹਨ।**




## ਦਾਖਲਾ ਪੋਰਟਲ https://admission.punjab.gov.in/ ਹੁਣ ਚਾਲੂ ਹੋ ਚੁੱਕਾ ਹੈ।

**ਆਨਲਾਈਨ ਰਜਿਸਟ੍ਰੇਸ਼ਨ ਸ਼ਡਿਊਲ**

- **ਯੂ.ਜੀ. ਕਲਾਸਾਂ** (ਨਵੇਂ ਦਾਖਲੇ) ਲਈ ਆਨਲਾਈਨ ਦਾਖਲਾ ਪੋਰਟਲ 'ਤੇ ਉਮੀਦਵਾਰਾਂ ਦੀ ਰਜਿਸਟ੍ਰੇਸ਼ਨ **11.05.2026 ਤੋਂ 30.05.2026**
- ਯੂ.ਜੀ. ਕਲਾਸਾਂ **(ਚੱਲ ਰਹੀਆਂ ਕਲਾਸਾਂ - ਪ੍ਰੋਵਿਜ਼ਨਲ ਦਾਖਲਾ)** ਲਈ ਆਨਲਾਈਨ ਰਜਿਸਟ੍ਰੇਸ਼ਨ **01.06.2026 ਤੋਂ 30.06.2026**

| ਲੇਟ ਦਾਖਲਿਆਂ/ਚਲਦੇ ਕੋਰਸਾਂ/ਪ੍ਰੀਖਿਆਵਾਂ ਸਬੰਧੀ ਸ਼ਡਿਊਲ | | |
|---|---|---|
| **UG ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ** | | |
| **ਲੜੀ ਨੰ:** | **ਮਿਤੀ** | **ਵੇਰਵਾ** |
| i) | 22.7.2026 - 30.7.2026 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| ii) | 1.8.2026 - 10.8.2026 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iii) | 11.8.2026 - 17.8.2026 | 1500/- ਰੁ: ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| iv) | 18.8.2026 - 31.8.2026 | 2000/- ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| **PG ਐਂਟਰੀ ਪੁਆਇੰਟ ਦਾਖਲੇ ਲਈ ਲੇਟ ਦਾਖਲਾ ਫੀਸ ਦਾ ਸ਼ਡਿਊਲ** | | |
| **ਲੜੀ ਨੰ:** | **ਮਿਤੀ** | **ਵੇਰਵਾ** |
| i) | 28.7.2026 - 5.8.2026 | 500/- ਰੁ: ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| ii) | 6.8.2026 - 13.8.2026 | 1000/- ਰੁ: ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iii) | 14.8.2026 - 20.8.2026 | 1500/- ਰੁ: ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| iv) | 21.8.2026 - 31.8.2026 | 2000/- ਰੁਪਏ ਲੇਟ ਫੀਸ ਅਤੇ ਅਕਾਦਮਿਕ ਕੌਂਸਲ ਦੀ ਪ੍ਰਵਾਨਗੀ ਦੀ ਆਸ ਵਿੱਚ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |
| **ਅੰਡਰ-ਗ੍ਰੈਜੂਏਟ ਅਤੇ ਪੋਸਟ-ਗ੍ਰੈਜੂਏਟ ਦੇ ਚਲਦੇ ਕੋਰਸਾਂ ਦਾ ਲੇਟ ਦਾਖਲਾ ਫੀਸ ਦਾ ਸ਼ਡਿਊਲ** | | |
| **ਲੜੀ ਨੰ:** | **ਮਿਤੀ** | **ਵੇਰਵਾ** |
| i) | 28.7.2026 - 01.8.2026 ਤੱਕ | 500/- ਰੁਪਏ ਲੇਟ ਫੀਸ ਅਤੇ ਕਾਲਜ ਦੇ ਪ੍ਰਿੰਸੀਪਲ ਦੀ ਪ੍ਰਵਾਨਗੀ ਨਾਲ |
| ii) | ਉਪਰੋਕਤ (i) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ | 1000/- ਰੁਪਏ ਲੇਟ ਫੀਸ ਅਤੇ ਡੀਨ, ਕਾਲਜ ਵਿਕਾਸ ਕੌਂਸਲ ਦੀ ਪ੍ਰਵਾਨਗੀ ਨਾਲ |
| iii) | ਉਪਰੋਕਤ (ii) ਤੋਂ ਅਗਲੇ 5 ਕੰਮ-ਕਾਜੀ ਦਿਨਾਂ ਦੇ ਅੰਦਰ | 2000/- ਰੁਪਏ ਲੇਟ ਫੀਸ ਅਤੇ ਵਾਈਸ-ਚਾਂਸਲਰ ਸਾਹਿਬ ਦੀ ਪ੍ਰਵਾਨਗੀ ਨਾਲ |

# ਕਾਲਜ ਦੇ ਵਿਦਿਆਰਥੀਆਂ ਲਈ ਨਿਯਮ

- **ਯੂਨੀਵਰਸਿਟੀ ਵੱਲੋਂ ਕਿਸੇ ਵੀ ਕਲਾਸ ਦੇ ਵਿਸ਼ਿਆਂ ਵਿੱਚ ਕੀਤੀ ਕੋਈ ਵੀ ਤਬਦੀਲੀ ਨੋਟਿਸ ਬੋਰਡ ਅਤੇ ਕਾਲਜ ਵੈਬਸਾਈਟ ਉੱਤੇ ਲਗਾ ਦਿੱਤੀ ਜਾਵੇਗੀ, ਜਿਸ ਦੀ ਪਾਲਣਾ ਲਾਜ਼ਮੀ ਹੋਵੇਗੀ। ਇਸ ਲਈ ਵਿਦਿਆਰਥੀਆਂ ਨੂੰ ਕਾਲਜ ਦੀ ਵੈੱਬਸਾਈਟ/ਨੋਟਿਸ ਬੋਰਡ ਨੂੰ ਸਮੇਂ-ਸਮੇਂ ਤੇ ਦੇਖਦੇ ਰਹਿਣ ਦੀ ਹਿਦਾਇਤ ਕੀਤੀ ਜਾਂਦੀ ਹੈ।**
- **ਕਾਲਜ ਦੇ ਜਿਹੜੇ ਵਿਦਿਆਰਥੀਆਂ ਨੇ ਪ੍ਰੈਕਟੀਕਲ ਵਿਸ਼ਾ ਲਿਆ ਹੋਇਆ ਹੈ ਉਹਨਾਂ ਲਈ ਲਿਖਤੀ ਪੇਪਰ ਦੇ ਨਾਲ ਪ੍ਰੈਕਟੀਕਲ ਪੇਪਰ ਵੀ ਦੇਣਾ ਲਾਜ਼ਮੀ ਹੈ।**

## ਵਿਸ਼ਾ ਬਦਲਣ ਸਬੰਧੀ ਨਿਯਮ

- ਬੀ.ਏ. ਸਮੈਸਟਰ-। ਦੇ ਵਿਦਿਆਰਥੀ **ਕਲਾਸਾਂ ਸ਼ੁਰੂ ਹੋਣ ਤੋਂ ਬਾਅਦ 15 ਦਿਨਾਂ ਦੇ ਅੰਦਰ-ਅੰਦਰ** ਆਪਣਾ ਵਿਸ਼ਾ ਪ੍ਰਾਸਪੈਕਟਸ ਦੇ ਜੁੱਟਾਂ ਅਨੁਸਾਰ ਬਦਲ ਸਕਦੇ ਹਨ। **ਅਗਲੇ ਸਮੈਸਟਰਾਂ ਵਿੱਚ ਮੇਜਰ ਵਿਸ਼ੇ ਨਹੀਂ ਬਦਲੇ ਜਾਣਗੇ।**
- ਜਾਂਚ-ਪੜਤਾਲ ਉਪਰੰਤ ਪ੍ਰਿੰਸੀਪਲ ਦੇ ਆਦੇਸ਼ ਨਾਲ ਹੀ ਵਿਸ਼ਾ/ਵਿਸ਼ਿਆਂ ਨੂੰ ਬਦਲੇ ਜਾਣ ਦੀ ਆਗਿਆ ਦਿੱਤੀ ਜਾਵੇਗੀ ਤੇ ਇਸ ਸਬੰਧੀ ਨੋਟਿਸ ਜਾਰੀ ਹੋਣ ਦੇ ਬਾਅਦ ਹੀ ਵਿਦਿਆਰਥੀਆਂ ਨੂੰ ਨਵੇਂ ਵਿਸ਼ੇ

ਦੀ ਕਲਾਸ ਵਿੱਚ ਬੈਠਣ ਦੀ ਆਗਿਆ ਹੋਵੇਗੀ। ਵਿਸ਼ਾ ਬਦਲੀ ਦੀ ਪ੍ਰਕਿਰਿਆ ਵਿੱਚ ਅਧਿਆਪਕਾਂ ਅਤੇ ਕਾਲਜ ਅਧਿਕਾਰੀਆਂ ਦੇ ਸਮੇਂ ਅਤੇ ਸ਼ਕਤੀ ਦਾ ਬਹੁਤ ਹਰਜਾ ਹੁੰਦਾ ਹੈ, ਇਸ ਲਈ ਵਿਦਿਆਰਥੀ ਵਿਸ਼ਾ ਬਦਲੀ ਨੂੰ ਆਪਣਾ ਅਧਿਕਾਰ ਨਾ ਸਮਝਣ, ਸਗੋਂ ਪਹਿਲਾਂ ਹੀ ਚੰਗੀ ਤਰ੍ਹਾਂ ਸੋਚ-ਸਮਝ ਕੇ ਵਿਸ਼ਾ ਚੋਣ ਕਾਉਂਸਲਿੰਗ ਕਮੇਟੀ ਦੀ ਸਹਾਇਤਾ ਨਾਲ ਵਿਸ਼ਾ ਜੁੱਟ ਭਰਨ। ਵਿਸ਼ਾ ਬਦਲੀ ਸਬੰਧਿਤ ਅਧਿਆਪਕ ਦੀ ਸਿਫਾਰਿਸ਼ ਜਾਂ ਪੂਰਵ-ਸਹਿਮਤੀ ਤੋਂ ਬਿਨਾਂ ਸੰਭਵ ਨਹੀਂ ਹੋਵੇਗੀ।

## ਮਿਡ ਸਮੈਸਟਰ ਟੈਸਟ ਸਬੰਧੀ ਨਿਯਮ

- ਮਿਡ ਸਮੈਸਟਰ ਟੈਸਟ ਨਵੰਬਰ ਅਤੇ ਅਪ੍ਰੈਲ ਮਹੀਨਿਆਂ ਵਿੱਚ ਹੋਣਗੇ।
- ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਅਤੇ ਕੁਝ ਹੋਰ ਨਿਰਧਾਰਿਤ ਸ਼ਰਤਾਂ ਦੇ ਆਧਾਰ 'ਤੇ ਹੀ ਯੂਨੀਵਰਸਿਟੀ ਨੂੰ ਪ੍ਰੀਖਿਆ ਫਾਰਮ ਅਤੇ ਇੰਟਰਨਲ ਅਸੈਸਮੈਂਟ ਭੇਜੀ ਜਾਵੇਗੀ।
- ਜਿਹੜਾ ਵਿਦਿਆਰਥੀ ਬਿਨਾਂ ਕਿਸੇ ਆਗਿਆ/ਬਿਨਾਂ ਕਿਸੇ ਛੁੱਟੀ ਲਏ ਮਿਡ ਸਮੈਸਟਰ ਟੈਸਟ ਵਿੱਚ ਗੈਰਹਾਜ਼ਰ ਰਹਿੰਦਾ ਹੈ, ਉਸਨੂੰ ਪ੍ਰੀਖਿਆ ਦਾ ਸਪੈਸ਼ਲ ਚਾਂਸ ਨਹੀਂ ਦਿੱਤਾ ਜਾਵੇਗਾ। ਮੈਡੀਕਲ ਗਰਾਉਂਡ ਤੇ ਵੀ ਪ੍ਰੀਖਿਆ ਵਾਲੇ ਦਿਨ ਗੈਰਹਾਜ਼ਰੀ ਲਈ ਮੈਡੀਕਲ ਸਰਟੀਫਿਕੇਟ ਉਸੇ ਦਿਨ ਦੇਣਾ ਅਤੇ ਛੁੱਟੀ ਮਨਜ਼ੂਰ ਕਰਵਾਉਣੀ ਜ਼ਰੂਰੀ ਹੈ। ਇਹ ਨਾ ਕਰਨ ਦੀ ਸੂਰਤ ਵਿੱਚ ਸਾਲਾਨਾ ਪ੍ਰੀਖਿਆ ਲਈ ਦਾਖਲਾ ਨਹੀਂ ਭੇਜਿਆ ਜਾਵੇਗਾ।
- ਜਿਹੜੇ ਵਿਦਿਆਰਥੀ ਕਾਲਜ ਦੇ ਆਪਣੇ ਇਮਤਿਹਾਨ ਵਿੱਚ ਅਯੋਗ ਢੰਗਾਂ ਦੀ ਵਰਤੋਂ ਕਰਨ ਦੇ ਦੋਸ਼ੀ ਹੋਣਗੇ, ਉਹਨਾਂ ਦਾ ਦਾਖਲਾ ਯੂਨੀਵਰਸਿਟੀ ਨੂੰ ਨਹੀਂ ਭੇਜਿਆ ਜਾਵੇਗਾ।

## ਯੂਨੀਵਰਸਿਟੀ ਇਮਤਿਹਾਨਾਂ ਸਬੰਧੀ ਨਿਯਮ

- ਵਿਦਿਆਰਥੀਆਂ ਨੂੰ ਕਾਲਜ ਦੇ ਮਿਡ ਸਮੈਸਟਰ ਟੈਸਟਾਂ ਵਿੱਚ ਸਾਰੇ ਵਿਸ਼ਿਆਂ ਦੇ ਕੁੱਲ ਜੋੜ ਵਿੱਚੋਂ ਘੱਟੋ-ਘੱਟ 35 % ਅੰਕ ਲੈਣੇ ਜ਼ਰੂਰੀ ਹਨ ਜਾਂ ਹਰ ਵਿਸ਼ੇ ਵਿੱਚੋਂ 25 % ਅੰਕ ਜ਼ਰੂਰੀ ਹਨ। ਹਰੇਕ ਸਮੈਸਟਰ ਵਿੱਚ ਹਰ ਵਿਸ਼ੇ ਦੀਆਂ ਘੱਟੋ-ਘੱਟ ਦੋ ਅਸਾਈਨਮੈਂਟਾਂ ਜਮ੍ਹਾਂ ਕਰਵਾਉਣੀਆਂ ਲਾਜ਼ਮੀ ਹਨ।
- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਨਿਯਮਾਂ ਅਨੁਸਾਰ ਹਰੇਕ ਵਿਸ਼ੇ ਵਿੱਚ ਦਿੱਤੇ ਗਏ ਲੈਕਚਰਾਂ ਦੀ ਕੁੱਲ ਗਿਣਤੀ ਦਾ 75 % ਹਾਜ਼ਰੀ ਪ੍ਰਾਪਤ ਕਰਨੀ ਜ਼ਰੂਰੀ ਹੈ।
- ਸਮੈਸਟਰ III ਅਤੇ V ਦੇ ਇਮਤਿਹਾਨਾਂ ਵਿੱਚ ਬੈਠਣ ਦੀ ਆਗਿਆ ਤਾਂ ਹੀ ਹੋਵੇਗੀ ਜੇਕਰ ਉਸਦੇ ਪਹਿਲੇ ਸਮੈਸਟਰਾਂ ਦੇ ਘੱਟੋ-ਘੱਟ 50 % ਪੇਪਰ ਕਲੀਅਰ ਹੋਣਗੇ।

## ਲਾਇਬ੍ਰੇਰੀ ਸਬੰਧੀ ਨਿਯਮ

- ਲਾਇਬ੍ਰੇਰੀ ਕਾਲਜ ਦੇ ਸਾਰੇ ਕੰਮ ਵਾਲੇ ਦਿਨਾਂ ਵਿੱਚ ਕਾਲਜ ਦੇ ਸਮੇਂ ਅਨੁਸਾਰ ਖੁੱਲ੍ਹੀ ਰਹੇਗੀ, ਪਰ ਪੁਸਤਕਾਂ ਕਢਵਾਉਣ ਅਤੇ ਵਾਪਸ ਕਰਨ ਦਾ ਸਮਾਂ ਅਤੇ ਦਿਨ ਸੰਸਥਾ ਵੱਲੋਂ ਨਿਸ਼ਚਤ ਕੀਤਾ ਜਾਵੇਗਾ।
- ਇੱਕ ਵਿਦਿਆਰਥੀ ਦੋ ਹਫਤਿਆਂ ਲਈ ਇਕੋ ਸਮੇਂ ਦੋ ਪੁਸਤਕਾਂ ਆਪਣੇ ਨਾਂ ਉੱਤੇ ਲੈ ਸਕਦਾ ਹੈ।
- 14 ਦਿਨਾਂ ਬਾਅਦ ਪੁਸਤਕ/ਪੁਸਤਕਾਂ ਵਾਪਸ ਕਰਨ 'ਤੇ ਹਰੇਕ ਵਿਦਿਆਰਥੀ ਤੋਂ ਨਿਯਮਾਂ ਅਨੁਸਾਰ ਪ੍ਰਤੀ ਪੁਸਤਕ ਪ੍ਰਤੀ ਦਿਨ ਦੇ ਹਿਸਾਬ ਨਾਲ ਜੁਰਮਾਨਾ ਲਿਆ ਜਾਵੇਗਾ। ਪਰੰਤੂ ਗਰਮੀਆਂ ਅਤੇ ਸਰਦੀਆਂ ਦੀਆਂ ਛੁੱਟੀਆਂ ਵਿੱਚ ਕਿਤਾਬਾਂ ਕਾਲਜ ਖੁੱਲ੍ਹਣ 'ਤੇ ਵਾਪਸ ਕੀਤੀਆਂ ਜਾ ਸਕਦੀਆਂ ਹਨ।
- ਕਢਵਾਈ ਗਈ ਪੁਸਤਕ ਜੇਕਰ ਕਿਸੇ ਹੋਰ ਨੂੰ ਨਹੀਂ ਚਾਹੀਦੀ ਤਾਂ ਦੁਬਾਰਾ ਕਢਵਾਈ ਜਾ ਸਕਦੀ ਹੈ।
- ਪੁਸਤਕ ਗੁੰਮ ਹੋ ਜਾਣ ਤੇ ਵਿਦਿਆਰਥੀ ਨੂੰ ਉਸਦੀ ਨਵੀਂ ਕੀਮਤ, 1/3 ਵਾਧੇ ਸਮੇਤ, ਭਰਨੀ ਪਵੇਗੀ।
- ਰੈਫਰੈਂਸ ਬੁਕਸ, ਸਿਲੇਬਸ ਅਤੇ ਮੈਗਜ਼ੀਨ ਲਾਇਬ੍ਰੇਰੀ ਵਿੱਚ ਆਪਣੇ ਸ਼ਨਾਖਤੀ ਕਾਰਡ ਜਮ੍ਹਾਂ ਕਰਵਾ ਕੇ ਉਥੇ ਹੀ ਬੈਠ ਕੇ ਪੜ੍ਹਨ ਲਈ ਮਿਲ ਸਕਦੇ ਹਨ।

## ਵਿਦਿਆਰਥੀਆਂ ਲਈ ਆਮ ਨਿਯਮ

- ਪ੍ਰਿੰਸੀਪਲ ਦੀ ਅਗੇਤਰੀ ਆਗਿਆ ਪ੍ਰਾਪਤ ਕੀਤੇ ਬਿਨਾਂ ਕਾਲਜ ਕੈਂਪਸ ਵਿੱਚ ਕੋਈ ਵੀ ਮੀਟਿੰਗ ਨਹੀਂ ਕੀਤੀ ਜਾ ਸਕਦੀ।
- ਕਾਲਜ ਦੇ ਅਨੁਸ਼ਾਸਨ ਦੀ ਪਾਲਣਾ ਕਰਨਾ ਵਿਦਿਆਰਥੀਆਂ ਦਾ ਨੈਤਿਕ ਫਰਜ਼ ਹੈ। ਕਾਲਜ ਦੇ ਅਨੁਸ਼ਾਸਨ ਨੂੰ ਭੰਗ ਕਰਨ ਵਾਲੇ ਵਿਦਿਆਰਥੀਆਂ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇਗੀ। ਅਨੁਸ਼ਾਸਨ ਭੰਗ ਕਰਨ ਵਾਲਿਆਂ ਦੇ ਵਿਰੁੱਧ ਦੰਡ ਦੇਣ ਦੀ ਸਿਫਾਰਿਸ਼ ਕਮੇਟੀ ਕਰੇਗੀ ਅਤੇ ਫੈਸਲਾ ਪ੍ਰਿੰਸੀਪਲ ਲੈਣਗੇ।
- ਹਰ ਵਿਦਿਆਰਥੀ ਨੂੰ ਆਪਣਾ ਸ਼ਨਾਖਤੀ ਕਾਰਡ ਹਰ ਵੇਲੇ ਨਾਲ ਰੱਖਣਾ ਚਾਹੀਦਾ ਹੈ ਅਤੇ ਮੰਗਣ 'ਤੇ ਕਾਲਜ ਅਧਿਕਾਰੀ ਨੂੰ ਵਿਖਾਉਣਾ ਚਾਹੀਦਾ ਹੈ। ਕਾਲਜ ਵਿੱਚ ਵਿਦਿਆਰਥੀ ਦਾ ਪ੍ਰਵੇਸ਼ ਸ਼ਨਾਖਤੀ ਕਾਰਡ ਦੇ ਆਧਾਰ 'ਤੇ ਹੋਵੇਗਾ। ਗੈਰ-ਵਿਦਿਆਰਥੀਆਂ ਦਾ ਕਾਲਜ ਵਿੱਚ ਪ੍ਰਵੇਸ਼ ਵਰਜਿਤ ਹੈ। ਅਜਿਹੇ ਵਿਅਕਤੀਆਂ ਵਿਰੁੱਧ ਯੋਗ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
- ਵਿਦਿਆਰਥੀ ਕਾਲਜ ਕੈਂਪਸ ਅਤੇ ਵਰਾਂਡਿਆਂ ਵਿੱਚ ਨਾ ਖੜ੍ਹਨ ਅਤੇ ਨਾ ਹੀ ਆਉਂਦਿਆਂ ਜਾਂ ਜਾਂਦਿਆਂ ਸ਼ੋਰ ਕਰਨ।
- ਕੋਈ ਵਿਦਿਆਰਥੀ ਜੇਕਰ ਕਾਲਜ ਛੱਡਣਾ ਚਾਹੁੰਦਾ ਹੈ ਤਾਂ ਉਹ ਆਪਣੇ ਬਿਨੈ-ਪੱਤਰ 'ਤੇ ਪਿਤਾ/ਸਰਪ੍ਰਸਤ ਦੇ ਹਸਤਾਖਰ ਕਰਵਾ ਕੇ ਪ੍ਰਿੰਸੀਪਲ ਦੀ ਮਨਜ਼ੂਰੀ ਨਾਲ ਅਜਿਹਾ ਕਰ ਸਕਦਾ ਹੈ। ਉਸ ਨੂੰ ਕਾਲਜ ਦੇ ਸਾਰੇ ਬਕਾਏ ਦੀ ਬਣਦੀ ਰਕਮ ਕਾਲਜ ਨੂੰ ਅਦਾ ਕਰਨੀ ਪਵੇਗੀ। ਜਦੋਂ ਤੱਕ ਵਿਦਿਆਰਥੀ ਦਾ ਨਾਂ ਰਸਮੀ ਤੌਰ 'ਤੇ ਕਟਿਆ ਨਹੀਂ ਜਾਂਦਾ, ਉਸਨੂੰ ਕਾਲਜ ਫੀਸ, ਫੰਡ ਅਤੇ ਹੋਰ ਜ਼ੁਰਮਾਨੇ ਆਦਿ ਦਾ ਭੁਗਤਾਨ ਕਰਨਾ ਪਵੇਗਾ।
- ਆਚਰਣ ਸਬੰਧੀ ਪ੍ਰਮਾਣ-ਪੱਤਰ ਵਿਦਿਆਰਥੀ ਨੂੰ ਕਾਲਜ ਛੱਡਣ 'ਤੇ ਹੀ ਦਿੱਤਾ ਜਾਵੇਗਾ। **ਜੇਕਰ ਵਿਦਿਆਰਥੀ ਕਾਲਜ ਛੱਡਣ ਤੋਂ ਇੱਕ ਸਾਲ ਦੇ ਅੰਦਰ-ਅੰਦਰ ਲਾਇਬ੍ਰੇਰੀ ਜਮਾਨਤ ਵਾਪਸ ਨਹੀਂ**

**ਲੈਂਦਾ ਤਾਂ ਉਹ ਜ਼ਬਤ ਹੋ ਜਾਵੇਗੀ।**

- ਹਰੇਕ ਵਿਦਿਆਰਥੀ ਲਈ ਸਾਇਕਲ, ਸਕੂਟਰ ਅਤੇ ਮੋਟਰ ਸਾਇਕਲ ਆਦਿ ਨੂੰ ਨਿਸ਼ਚਿਤ ਸਥਾਨ 'ਤੇ ਪਾਰਕ ਕਰਨਾ ਜ਼ਰੂਰੀ ਹੈ। ਖੇਡ ਦੇ ਮੈਦਾਨ ਜਾਂ ਲਾਨ ਵਿੱਚ ਵਾਹਨ ਲੈ ਕੇ ਜਾਣਾ ਸਖਤ ਮਨ੍ਹਾਂ ਹੈ। ਕਾਲਜ ਗੇਟ ਤੋਂ ਬਾਹਰ ਖੜ੍ਹੇ ਵਾਹਨ ਪੁਲਿਸ ਹਵਾਲੇ ਕੀਤੇ ਜਾਣਗੇ।
- ਕਾਲਜ ਕੈਂਪਸ ਵਿੱਚ ਅਸਮਾਜਿਕ ਅਤੇ ਅਨੈਤਿਕ ਕੰਮ ਜਿਵੇਂ ਕਿ ਸਿਗਰਟ, ਸ਼ਰਾਬ ਤੇ ਨਸ਼ਿਆਂ ਦੀ ਵਰਤੋਂ, ਤਾਸ਼, ਜੂਆ ਖੇਡਣਾ ਆਦਿ ਸਖਤ ਮਨ੍ਹਾਂ ਹੈ।
- ਵਿਦਿਆਰਥੀਆਂ ਨੂੰ ਹਦਾਇਤ ਹੈ ਕਿ ਉਹ ਕਾਲਜ ਦੀ ਇਮਾਰਤ/ ਸੰਪਤੀ/ ਫਰਨੀਚਰ ਆਦਿ ਨੂੰ ਖਰਾਬ ਨਾ ਕਰਨ ਅਤੇ ਨੋਟਿਸ ਬੋਰਡ ਉੱਤੇ ਲਾਏ ਨੋਟਿਸ ਨਾ ਪਾੜਨ ਕਿਉਂਕਿ ਇਹ ਉਨ੍ਹਾਂ ਦੀ ਵਰਤੋਂ ਲਈ ਹੀ ਹਨ। ਜੇਕਰ ਕੋਈ ਵਿਦਿਆਰਥੀ ਇਨ੍ਹਾਂ ਦਾ ਨੁਕਸਾਨ ਕਰਦਾ ਫੜਿਆ ਗਿਆ ਤਾਂ ਉਸ 'ਤੇ ਉਚਿਤ ਕਾਰਵਾਈ ਕੀਤੀ ਜਾਵੇਗੀ ਅਤੇ ਕੀਤੇ ਨੁਕਸਾਨ ਦਾ ਹਰਜਾਨਾ ਤੇ ਜ਼ੁਰਮਾਨਾ ਉਸ ਤੋਂ ਵਸੂਲ ਕੀਤਾ ਜਾਵੇਗਾ।
- ਵਿਦਿਆਰਥੀਆਂ ਵੱਲੋਂ ਲਾਇਬ੍ਰੇਰੀ ਅਤੇ ਪ੍ਰੀਖਿਆ ਹਾਲ ਵਿੱਚ ਮੋਬਾਇਲ ਲੈ ਕੇ ਜਾਣਾ ਮਨ੍ਹਾਂ ਹੈ। ਕਲਾਸਾਂ ਵਿੱਚ ਮੋਬਾਇਲ ਦੀ ਵਰਤੋਂ ਮਨ੍ਹਾਂ ਹੈ।
- ਵਿਦਿਆਰਥੀਆਂ ਵੱਲੋਂ ਕਾਲਜ ਵਿਖੇ ਚਾਰ ਪਹੀਆ ਵਾਹਨ ਲਿਆਉਣਾ ਮਨ੍ਹਾਂ ਹੈ।
- ਵਿਦਿਆਰਥੀ ਰੈਗਿੰਗ ਵਿੱਚ ਭਾਗ ਨਹੀਂ ਲੈਣਗੇ। ਅਜਿਹਾ ਕਰਦੇ ਫੜੇ ਜਾਣ 'ਤੇ ਕਾਨੂੰਨ ਅਨੁਸਾਰ ਸਜ਼ਾ ਦਿੱਤੀ ਜਾ ਸਕਦੀ ਹੈ ਅਤੇ ਦਾਖਲਾ ਰੱਦ ਕੀਤਾ ਜਾ ਸਕਦਾ ਹੈ।

# ਇਨਾਮਾਂ ਲਈ ਹੱਕਦਾਰ ਬਣਨ ਦੇ ਨਿਯਮ

## ਅਕਾਦਮਿਕ ਇਨਾਮ

- ਵਿੱਦਿਅਕ ਇਨਾਮਾਂ ਲਈ ਹੱਕਦਾਰ ਬਣਨ ਲਈ ਯੂਨੀਵਰਸਿਟੀ ਦੇ ਨਿਯਮਾਂ ਅਨੁਸਾਰ ਆਪਣੇ ਚੁਣੇ ਹੋਏ ਹਰੇਕ ਵਿਸ਼ੇ ਵਿੱਚੋਂ ਪਾਸ ਹੋਣਾ ਜ਼ਰੂਰੀ ਹੈ।
- ਜੇਕਰ ਕਿਸੇ ਕਲਾਸ ਦੇ ਵਿੱਦਿਆਰਥੀਆਂ ਦੀ ਗਿਣਤੀ 10 ਤੱਕ ਹੈ ਤਾਂ ਇੱਕ ਇਨਾਮ ਦਿੱਤਾ ਜਾਵੇਗਾ, ਜੇਕਰ ਗਿਣਤੀ ਇਸ ਤੋਂ ਵੱਧ ਹੈ ਤਾਂ ਦੋ ਇਨਾਮ ਦਿੱਤੇ ਜਾਣਗੇ।
- ਅੰਗਰੇਜ਼ੀ ਵਿੱਚ ਪਹਿਲੇ ਇਨਾਮ ਲਈ ਘੱਟੋ-ਘੱਟ 55% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ। ਬਾਕੀ ਵਿਸ਼ਿਆਂ ਵਿੱਚ ਇਸ ਇਨਾਮ ਲਈ ਘੱਟੋ-ਘੱਟ 60% ਅੰਕ ਲੈਣੇ ਜ਼ਰੂਰੀ ਹਨ, ਨਹੀਂ ਤਾਂ ਦੂਜਾ ਇਨਾਮ ਦਿੱਤਾ ਜਾਵੇਗਾ।
- ਅੰਗਰੇਜ਼ੀ ਵਿੱਚ ਦੂਜਾ ਇਨਾਮ ਹਾਸਲ ਕਰਨ ਲਈ ਘੱਟੋ-ਘੱਟ 45% ਅੰਕ ਪ੍ਰਾਪਤ ਕਰਨੇ ਜ਼ਰੂਰੀ ਹਨ ਅਤੇ ਬਾਕੀ ਵਿਸ਼ਿਆਂ ਵਿੱਚ ਇਨਾਮ ਲਈ ਘੱਟੋ-ਘੱਟ 50% ਅੰਕ ਲੈਣੇ ਜ਼ਰੂਰੀ ਹਨ।
- ਜੇਕਰ ਪਹਿਲੇ ਅਤੇ ਦੂਜੇ ਸਥਾਨ ਤੇ ਇੱਕ ਤੋਂ ਜ਼ਿਆਦਾ ਵਿੱਦਿਆਰਥੀ ਹਨ ਤਾਂ ਐਗਰੀਗੇਟ ਵਿੱਚ ਵੱਧ ਨੰਬਰਾਂ ਵਾਲੇ ਵਿਦਿਆਰਥੀਆਂ ਨੂੰ ਹੀ ਪਹਿਲਾ ਅਤੇ ਦੂਜਾ ਇਨਾਮ ਦਿੱਤਾ ਜਾਵੇਗਾ।
- ਜਿਹੜੇ ਵਿੱਦਿਆਰਥੀ ਯੂਨੀਵਰਸਿਟੀ ਦੀ ਅਪ੍ਰੈਲ/ ਸਲਾਨਾ ਪ੍ਰੀਖਿਆ ਵਿੱਚ ਆਪਣੀ ਕਲਾਸ ਵਿੱਚ ਪਹਿਲਾ ਤੇ ਦੂਜਾ ਸਥਾਨ ਪ੍ਰਾਪਤ ਕਰਦੇ ਹਨ, ਉਨ੍ਹਾਂ ਨੂੰ ਕਾਲਜ ਵੱਲੋਂ ਇਨਾਮ ਦਿੱਤਾ ਜਾਵੇਗਾ।
- ਕਿਸੇ ਵਿੱਦਿਆਰਥੀ ਦਾ ਆਚਰਣ ਜਾਂ ਵਰਤਾਉ ਠੀਕ ਨਾ ਹੋਣ ਦੀ ਸੂਰਤ ਵਿੱਚ ਉਸਨੂੰ ਪ੍ਰਿੰਸੀਪਲ ਵੱਲੋਂ ਇਨਾਮ ਤੋਂ ਵਾਂਝਾ ਰੱਖਣ ਦਾ ਹੱਕ ਹੈ।

# ਸੱਭਿਆਚਾਰਕ ਅਤੇ ਸਹਿ-ਵਿੱਦਿਅਕ ਸਰਗਰਮੀਆਂ ਲਈ ਇਨਾਮ

## ਕੁਝ ਮਹੱਤਵਪੂਰਨ ਇਨਾਮ:

### ਕਾਲਜ ਰੋਲ ਆਫ ਆਨਰ

- ਇਸ ਕਾਲਜ ਦੇ ਸਰਵੋਤਮ ਇਨਾਮ ਦੇ ਹੱਕਦਾਰ ਬਣਨ ਲਈ ਹੇਠ ਲਿਖੇ ਭਿੰਨ-ਭਿੰਨ ਖੇਤਰਾਂ ਵਿੱਚ ਅਦੁੱਤੀ ਪ੍ਰਾਪਤੀਆਂ ਕਰਨੀਆਂ ਜ਼ਰੂਰੀ ਹਨ:
- ਵਿਦਿਆਰਥੀ ਯੂਨੀਵਰਸਿਟੀ ਵਿੱਚ ਮੈਰਿਟ ਲਿਸਟ ਵਿੱਚ ਆਇਆ ਹੋਵੇ ਜਾਂ 80% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕੀਤੇ ਹੋਣ।
- ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡਾਂ ਵਿੱਚੋਂ ਵਿਅਕਤੀਗਤ ਤੌਰ 'ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਹਾਸਲ ਕਰਦਾ ਹੈ।
- ਜੇਕਰ ਵਿਦਿਆਰਥੀ ਖੇਡ ਵਿਭਾਗ ਵੱਲੋਂ ਸਟੇਟ ਦੀ ਪ੍ਰਤੀਨਿਧਤਾ ਵਿਅਕਤੀਗਤ ਤੌਰ 'ਤੇ ਜਾਂ ਟੀਮ ਦਾ ਮੈਂਬਰ ਹੋਣ ਦੇ ਨਾਤੇ ਕਰਦਾ ਹੈ ਅਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਲੈਂਦਾ ਹੈ।
- ਜੇਕਰ ਵਿਦਿਆਰਥੀ ਲਗਾਤਾਰ ਤਿੰਨ ਸਾਲ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।
- ਜੇਕਰ ਵਿਦਿਆਰਥੀ ਅੰਤਰ-ਯੂਨੀਵਰਸਿਟੀ / ਅੰਤਰ-ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ 'ਤੇ ਜਾਂ ਟੀਮ ਦੇ ਮੈਂਬਰ ਦੇ ਨਾਤੇ ਪਹਿਲੀ ਜਾਂ ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।
- ਜੇਕਰ ਐਨ.ਐੱਸ.ਐੱਸ. ਵਲੰਟੀਅਰ ਜਾਂ ਐੱਨ.ਸੀ.ਸੀ. ਕੈਡਿਟ 26 ਜਨਵਰੀ ਪਰੇਡ (ਦਿੱਲੀ) ਵਿੱਚ ਭਾਗ ਲੈਂਦਾ ਹੈ।

**ਨੋਟ: ਰੋਲ ਆਫ ਆਨਰ ਲੈਣ ਵਾਲੇ ਵਿਦਿਆਰਥੀ ਨੂੰ ਕਾਲਜ ਕਲਰ ਵੀ ਨਾਲ ਹੀ ਦਿੱਤਾ ਜਾਂਦਾ ਹੈ।**

## ਕਾਲਜ ਕਲਰ

- ਯੂਨੀਵਰਸਿਟੀ ਪ੍ਰੀਖਿਆ ਵਿੱਚੋਂ 75% ਤੋਂ 79.9% ਅੰਕ ਪ੍ਰਾਪਤ ਕਰਨ ਵਾਲੇ ਜਾਂ ਕਲਾਸ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ।
- ਜਦੋਂ ਕੋਈ ਵਿਦਿਆਰਥੀ ਯੂਨੀਵਰਸਿਟੀ ਦੇ ਅੰਤਰ-ਕਾਲਜ ਮੁਕਾਬਲਿਆਂ ਦੀਆਂ ਖੇਡਾਂ ਵਿੱਚੋਂ ਪਹਿਲੀ/ਦੂਜੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।

- ਜੇਕਰ ਵਿਦਿਆਰਥੀ ਯੂਨੀਵਰਸਿਟੀ ਦੇ ਖੇਤਰੀ ਯੁਵਕ ਮੇਲੇ ਵਿੱਚ ਖੇਤਰੀ ਮੁਕਾਬਲਿਆਂ ਵਿੱਚ ਨਿੱਜੀ ਤੌਰ 'ਤੇ ਜਾਂ ਟੀਮ ਦੇ ਮੈਂਬਰ ਹੋਣ ਦੇ ਨਾਤੇ ਪਹਿਲੀ ਪੋਜ਼ੀਸ਼ਨ ਪ੍ਰਾਪਤ ਕਰਦਾ ਹੈ।
- ਐਨ.ਐਸ.ਐਸ. ਦੇ ਅੰਤਰ-ਰਾਜ ਜਾਂ ਅੰਤਰ-ਯੂਨੀਵਰਸਿਟੀ ਕੈਂਪ ਵਿੱਚ ਭਾਗ ਲੈਂਦਾ ਹੈ।
- ਜੇਕਰ ਕੋਈ ਵਿਦਿਆਰਥੀ ਦੋ ਸਾਲ ਲਗਾਤਾਰ ਆਪਣੇ ਕਾਲਜ ਦਾ ਸਰਵੋਤਮ ਖਿਡਾਰੀ ਰਹਿੰਦਾ ਹੈ।
- ਜਿਹੜਾ ਵਿਦਿਆਰਥੀ ਅੰਤਰ-ਯੂਨੀਵਰਸਿਟੀ ਖੇਡ ਮੁਕਾਬਲਿਆਂ ਵਿੱਚ ਯੂਨੀਵਰਸਿਟੀ ਵੱਲੋਂ ਪ੍ਰਤਿਨਿਧਤਾ ਕਰਦਾ ਹੈ।
- ਕਾਲਜ ਕਮੇਟੀ ਵਿਦਿਆਰਥੀ ਦੀ ਕਾਲਜ ਨੂੰ ਸਮੁੱਚੀ ਦੇਣ ਦੇ ਆਧਾਰ 'ਤੇ ਕਾਲਜ ਕਲਰ ਦੇਣ ਦੀ ਸਿਫਾਰਿਸ਼ ਕਰ ਸਕਦੀ ਹੈ।

### ਮੈਰਿਟ ਸਰਟੀਫਿਕੇਟ

- ਪ੍ਰਿੰਸੀਪਲ ਕਾਲਜ ਕੌਂਸਲ ਜਾਂ ਸੱਭਿਆਚਾਰਕ ਸਰਗਰਮੀਆਂ ਦੇ ਵੱਖ-ਵੱਖ ਇੰਚਾਰਜਾਂ ਦੀ ਸਿਫਾਰਿਸ਼ 'ਤੇ ਵਿਦਿਆਰਥੀਆਂ ਨੂੰ ਭਿੰਨ-ਭਿੰਨ ਖੇਤਰਾਂ ਵਿੱਚ ਚੰਗੇ ਕੰਮਾਂ ਅਤੇ ਪ੍ਰਾਪਤੀਆਂ ਦੇ ਆਧਾਰ 'ਤੇ ਵਿਸ਼ੇਸ਼ ਮੈਰਿਟ ਸਰਟੀਫਿਕੇਟ ਪ੍ਰਦਾਨ ਕਰ ਸਕਦੇ ਹਨ।

## ਕਾਲਜ ਦੇ ਵਿਦਿਆਰਥੀਆਂ ਲਈ ਵਿਸ਼ੇਸ਼ ਇਨਾਮ

- ਕਾਲਜ ਪ੍ਰਸ਼ਾਸਨ, ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ, ਵੱਖ-ਵੱਖ ਸਮਾਜ ਸੇਵੀ ਸੰਸਥਾਵਾਂ, ਕਾਲਜ ਦੇ ਸਾਬਕਾ ਪ੍ਰਿੰਸੀਪਲ ਸਾਹਿਬਾਨ, ਪ੍ਰੋਫੈਸਰ ਸਾਹਿਬਾਨ ਅਤੇ ਸਾਬਕਾ ਪ੍ਰੋਫੈਸਰ ਸਾਹਿਬਾਨ ਜਾਂ ਉਹਨਾਂ ਦੇ ਪਰਿਵਾਰਾਂ ਦੁਆਰਾ ਕਾਲਜ ਦੇ ਵੱਖ-ਵੱਖ ਖੇਤਰਾਂ ਵਿੱਚ ਜੇਤੂ ਰਹੇ ਅਤੇ ਹੋਣਹਾਰ ਵਿਦਿਆਰਥੀਆਂ ਨੂੰ ਸਨਮਾਨਿਤ ਕਰਨ ਅਤੇ ਉਹਨਾਂ ਦੀ ਹੌਸਲਾ-ਅਫ਼ਜ਼ਾਈ ਹਿੱਤ ਹਰ ਸਾਲ ਹੇਠ ਲਿਖੇ ਅਨੁਸਾਰ ਭਿੰਨ-ਭਿੰਨ ਇਨਾਮ ਦਿੱਤੇ ਜਾਂਦੇ ਹਨ:
- ਵਿਨੋਦ ਪਾਲ ਮੈਮੋਰੀਅਲ ਟਰੱਸਟ ਡੇਰਾ ਬੱਸੀ ਵੱਲੋਂ ਕਾਲਜ ਦੇ ਕਾਮਰਸ ਵਿਭਾਗ ਦੇ ਬੀ.ਕਾਮ ਸਮੈਸਟਰ ਦੂਜਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ ₹500 ਨਗਦ ਇਨਾਮ, ਬੀ. ਕਾਮ ਸਮੈਸਟਰ ਚੌਥਾ ਦੇ ਯੂਨੀਵਰਸਿਟੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ ₹1100 ਨਗਦ ਇਨਾਮ ਅਤੇ ਬੀ.ਕਾਮ ਸਮੈਸਟਰ ਛੇਵਾਂ ਦੇ ਯੂਨੀਵਰਸਿਟੀ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਇੱਕ ਟਰਾਫੀ ਅਤੇ ₹2100 ਨਗਦ ਇਨਾਮ ਦਿੱਤਾ ਜਾਂਦਾ ਹੈ।

  ਜੇਕਰ ਇਨ੍ਹਾਂ ਤਿੰਨਾਂ ਕਲਾਸਾਂ ਵਿੱਚੋਂ ਕੋਈ ਵਿਦਿਆਰਥੀ ਸਾਲਾਨਾ ਪ੍ਰੀਖਿਆ ਵਿੱਚ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ ₹5100 ਨਗਦ ਇਨਾਮ ਦਿੱਤਾ ਜਾਂਦਾ ਹੈ।

  ਜੇਕਰ ਕਾਮਰਸ ਵਿਭਾਗ ਦਾ ਕੋਈ ਪੁਰਾਣਾ ਵਿਦਿਆਰਥੀ ਕਾਮਰਸ ਦੀ ਸਾਲਾਨਾ ਪੋਸਟ ਗ੍ਰੈਜੂਏਟ ਪ੍ਰੀਖਿਆ ਵਿੱਚੋਂ ਯੂਨੀਵਰਸਿਟੀ ਵਿੱਚੋਂ ਪਹਿਲੇ ਸਥਾਨ 'ਤੇ ਆਉਂਦਾ ਹੈ ਤਾਂ ਉਸਨੂੰ ਇੱਕ ਟਰਾਫੀ ਅਤੇ ₹5100 ਨਗਦ ਇਨਾਮ ਕਾਲਜ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਮੌਕੇ ਦਿੱਤਾ ਜਾਂਦਾ ਹੈ।
- ਪ੍ਰੋ. ਆਈ.ਐੱਸ. ਸੁੱਖੀ ਦੁਆਰਾ ਹਰ ਸਾਲ ਕਾਲਜ ਦੇ ਬੀ.ਐੱਸ.ਸੀ. ਸਮੈਸਟਰ ਦੂਜਾ, ਚੌਥਾ ਅਤੇ ਛੇਵਾਂ ਦੀ ਸਾਲਾਨਾ ਪ੍ਰੀਖਿਆ ਵਿੱਚੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਨੂੰ ਆਪਣੀ ਸਵਰਗਵਾਸੀ ਪਤਨੀ ਸ੍ਰੀਮਤੀ ਸੁਰਜੀਤ ਸੁੱਖੀ ਦੀ ਯਾਦ ਵਿੱਚ ₹2000 ਨਗਦ ਇਨਾਮ ਦਿੱਤਾ ਜਾਂਦਾ ਹੈ।
- ਪ੍ਰੋ. ਆਈ.ਐੱਸ. ਸੁੱਖੀ ਦੁਆਰਾ ਹਰ ਸਾਲ ਕਾਲਜ ਦੇ ਸਰਵੋਤਮ ਖਿਡਾਰੀ ਲਈ ਆਪਣੇ ਪਿਤਾ ਜੀ ਦੀ ਯਾਦ ਵਿੱਚ ਪ੍ਰਤਾਪ ਟਰਾਫੀ ਅਤੇ ₹500 ਨਗਦ ਅਤੇ ਸਰਵੋਤਮ ਖਿਡਾਰਨ ਲਈ ਆਪਣੀ ਮਾਤਾ ਜੀ ਦੀ ਯਾਦ ਵਿੱਚ ਬਸੰਤ ਟਰਾਫੀ ਅਤੇ ₹500 ਨਗਦ ਦਿੱਤੇ ਜਾਂਦੇ ਹਨ।
- ਕਾਲਜ ਦੇ ਸਾਬਕਾ ਪ੍ਰਿੰਸੀਪਲਾਂ ਵੱਲੋਂ ਹਰ ਸਾਲ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
- ਕਾਲਜ ਦੇ ਸਾਬਕਾ ਪ੍ਰੋਫੈਸਰ ਕੁਲਵਿੰਦਰ ਕੌਰ ਦੁਆਰਾ ਆਪਣੇ ਪਿਤਾ ਸਵਰਗਵਾਸੀ ਡਾ. ਅਜੀਤ ਸਿੰਘ ਸੰਧੂ ਅਤੇ ਮਾਤਾ ਸੁਖਦੇਵ ਕੌਰ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਲੜਕੀ ਨੂੰ ਟਰਾਫੀ ਅਤੇ ਨਗਦ ਇਨਾਮ ਦਿੱਤਾ ਜਾਂਦਾ ਹੈ।
- ਪ੍ਰੋਫੈਸਰ ਸਿਮਰਪ੍ਰੀਤ ਦੁਆਰਾ ਆਪਣੀ ਮਾਤਾ ਸਵਰਗਵਾਸੀ ਸ੍ਰੀਮਤੀ ਕੁਲਵੰਤ ਕੌਰ ਜੀ ਦੀ ਯਾਦ ਵਿੱਚ ਹਰ ਸਾਲ ਸਰਵੋਤਮ ਖਿਡਾਰੀ ਲੜਕੇ ਅਤੇ ਇੱਕ ਲੜਕੀ ਨੂੰ ਟਰਾਫੀ ਦਿੱਤੀ ਜਾਂਦੀ ਹੈ।
- ਲਾਇਬ੍ਰੇਰੀਅਨ ਦੀ ਸਿਫਾਰਿਸ਼ 'ਤੇ ਹਰ ਸਾਲ ਇੱਕ ਲੜਕੇ ਅਤੇ ਇੱਕ ਲੜਕੀ ਵਿਦਿਆਰਥੀ ਨੂੰ ਸਰਵੋਤਮ ਰੀਡਰ ਦਾ ਇਨਾਮ ਦਿੱਤਾ ਜਾਂਦਾ ਹੈ।
- ਕਾਲਜ ਦੇ ਸਾਬਕਾ ਪ੍ਰਿੰਸੀਪਲ ਸ੍ਰੀਮਤੀ ਸਾਧਨਾ ਸੰਗਰ ਦੁਆਰਾ ਸੱਭਿਆਚਾਰਕ ਗਤੀਵਿਧੀਆਂ ਵਿੱਚ ਭਾਗ ਲੈਣ ਵਾਲੇ ਸਰਵੋਤਮ ਵਿਦਿਆਰਥੀਆਂ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।
- ਕਾਲਜ ਦੇ ਸਾਬਕਾ ਪ੍ਰੋ. ਡਾ. ਗੁਰਜੰਟ ਸਿੰਘ ਦੁਆਰਾ ਬੀ.ਏ. ਭਾਗ ਤੀਜਾ ਦੀਆਂ ਯੂਨੀਵਰਸਿਟੀ ਪ੍ਰੀਖਿਆਵਾਂ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀ ਨੂੰ ਨਗਦ ਇਨਾਮ ਦਿੱਤਾ ਜਾਂਦਾ ਹੈ।

### ਜ਼ਰੂਰੀ ਨੋਟ:

**ਉਪਰੋਕਤ ਇਨਾਮਾਂ ਲਈ ਹੱਕਦਾਰ ਬਣਨ ਲਈ ਜ਼ਰੂਰੀ ਹੈ ਕਿ ਇਨਾਮ ਜੇਤੂ ਵਿਦਿਆਰਥੀ ਦੇ ਲੈਕਚਰ ਘੱਟ ਨਾ ਹੋਣ, ਪੜ੍ਹਾਈ ਵਿੱਚ ਤਸੱਲੀਬਖ਼ਸ਼ ਹੋਵੇ ਅਤੇ ਵਿਦਿਆਰਥੀ ਦਾ ਆਚਰਣ ਚੰਗਾ ਹੋਵੇ।**

# ਸਮਾਰਟ ਕੈਂਪਸ ਅਤੇ ਆਧੁਨਿਕ ਸੁਵਿਧਾਵਾਂ



## ਸਮਾਰਟ ਕਲਾਸਰੂਮ

ਸਰਕਾਰੀ ਕਾਲਜ, ਡੇਰਾ ਬੱਸੀ ਦੇ ਸਮਾਰਟ ਕਲਾਸਰੂਮ ਆਡੀਓ-ਵਿਜ਼ੂਅਲ ਸਾਧਨਾਂ ਅਤੇ ਡਿਜੀਟਲ ਤਕਨਾਲੋਜੀ ਨਾਲ ਲੈਸ ਹਨ। ਆਧੁਨਿਕ ਸਿਖਲਾਈ ਪੱਧਤੀਆਂ ਰਾਹੀਂ ਪੜ੍ਹਾਈ ਨੂੰ ਪ੍ਰਭਾਵਸ਼ਾਲੀ ਅਤੇ ਵਿਦਿਆਰਥੀ-ਕੇਂਦਰਿਤ ਬਣਾਇਆ ਜਾਂਦਾ ਹੈ। ਕਲਾਸਰੂਮ ਵਿੱਚ ਤਕਨੀਕੀ ਸਹੂਲਤਾਂ ਦੇ ਉਪਯੋਗ ਨਾਲ ਵਿਦਿਆਰਥੀਆਂ ਦੀ ਭਾਗੀਦਾਰੀ ਅਤੇ ਸਿੱਖਣ ਪ੍ਰਤੀ ਰੁਚੀ ਵਿੱਚ ਵਾਧਾ ਹੁੰਦਾ ਹੈ।

## ਹਾਈ-ਟੈਕ ਲੈਬਜ਼

ਕਾਲਜ ਵਿੱਚ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਪ੍ਰਯੋਗਾਤਮਕ ਸਿੱਖਿਆ ਪ੍ਰਦਾਨ ਕਰਨ ਲਈ ਹਾਈ-ਟੈਕ ਲੈਬਜ਼ ਦੀ ਸਥਾਪਨਾ ਕੀਤੀ ਗਈ ਹੈ। ਕੰਪਿਊਟਰ ਅਤੇ ਵਿਗਿਆਨ ਲੈਬਜ਼ ਨੂੰ ਨਵੀਨਤਮ ਉਪਕਰਣਾਂ ਅਤੇ ਤਕਨੀਕੀ ਸਾਧਨਾਂ ਨਾਲ ਲੈਸ ਕੀਤਾ ਗਿਆ ਹੈ ਤਾਂ ਜੋ ਵਿਦਿਆਰਥੀ ਪ੍ਰਯੋਗਾਤਮਕ ਗਿਆਨ ਅਤੇ ਤਕਨੀਕੀ ਹੁਨਰ ਹਾਸਲ ਕਰ ਸਕਣ। ਲੈਬਾਂ ਵਿੱਚ ਅਭਿਆਸ-ਅਧਾਰਿਤ ਸਿੱਖਣ ਨੂੰ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਨਾਲ ਵਿਦਿਆਰਥੀਆਂ ਦੀ ਵਿਸ਼ਲੇਸ਼ਣਾਤਮਕ ਅਤੇ ਸਮੱਸਿਆ ਹੱਲ ਕਰਨ ਦੀ ਯੋਗਤਾ ਵਿੱਚ ਵਿਕਾਸ ਹੁੰਦਾ ਹੈ।

## ਕੰਪਿਊਟਰ ਅਤੇ ਡਿਜੀਟਲ ਸਹੂਲਤਾਂ

ਕਾਲਜ ਦੇ ਕੈਂਪਸ ਵਿੱਚ ਆਧੁਨਿਕ ਕੰਪਿਊਟਰ, ਪ੍ਰਿੰਟਰ, ਫੋਟੋਸਟੇਟ ਮਸ਼ੀਨ ਅਤੇ ਈ-ਲਾਇਬ੍ਰੇਰੀ ਦੀ ਸਹੂਲਤ ਉਪਲਬਧ ਹੈ। ਆਈ.ਸੀ.ਟੀ. (ਇਨਫਰਮੇਸ਼ਨ ਐਂਡ ਕਮਿਊਨੀਕੇਸ਼ਨ ਟੈਕਨੋਲੋਜੀ) ਸਮਰੱਥ ਕੈਂਪਸ ਵਿਦਿਆਰਥੀਆਂ ਨੂੰ ਡਿਜੀਟਲ ਯੁੱਗ ਦੀਆਂ ਲੋੜਾਂ ਅਨੁਸਾਰ ਤਿਆਰ ਕਰਦਾ ਹੈ ਅਤੇ ਉਨ੍ਹਾਂ ਨੂੰ ਈ-ਲਰਨਿੰਗ ਅਤੇ ਖੋਜ ਕਾਰਜਾਂ ਨਾਲ ਜੋੜਦਾ ਹੈ। ਡਿਜੀਟਲ ਸਰੋਤਾਂ ਦੀ ਵਰਤੋਂ ਰਾਹੀਂ ਵਿਦਿਆਰਥੀ ਆਪਣੀ ਸਿੱਖਣ ਪ੍ਰਕਿਰਿਆ ਨੂੰ ਹੋਰ ਪ੍ਰਭਾਵਸ਼ਾਲੀ ਅਤੇ ਰੋਚਕ ਬਣਾ ਸਕਦੇ ਹਨ।

## ਅੰਮ੍ਰਿਤਾ ਪ੍ਰੀਤਮ ਯਾਦਗਾਰੀ ਲਾਇਬ੍ਰੇਰੀ

ਸਰਕਾਰੀ ਕਾਲਜ, ਡੇਰਾ ਬੱਸੀ ਦੀ "ਅੰਮ੍ਰਿਤਾ ਪ੍ਰੀਤਮ ਯਾਦਗਾਰੀ ਲਾਇਬ੍ਰੇਰੀ" ਮਹਾਨ ਪੰਜਾਬੀ ਸਾਹਿਤਕਾਰ ਅੰਮ੍ਰਿਤਾ ਪ੍ਰੀਤਮ ਦੀ ਯਾਦ ਨੂੰ ਸਮਰਪਿਤ ਹੈ। ਲਾਇਬ੍ਰੇਰੀ ਵਿੱਚ 19,000 ਤੋਂ ਵੱਧ ਪੁਸਤਕਾਂ, ਅਖਬਾਰਾਂ, ਮੈਗਜ਼ੀਨਾਂ, ਈ-ਰਿਸੋਰਸ ਅਤੇ ਓਨੋਸ (ਵਨ ਨੇਸ਼ਨ ਵਨ ਸਬਸਕ੍ਰਿਪਸ਼ਨ) ਪੋਰਟਲ ਰਾਹੀਂ ਆਨਲਾਈਨ ਸਰੋਤ ਉਪਲਬਧ ਹਨ। ਇਹ ਲਾਇਬ੍ਰੇਰੀ ਵਿਦਿਆਰਥੀਆਂ ਵਿੱਚ ਸਿਰਜਣਾਤਮਕ ਸੋਚ ਦੀ ਪ੍ਰੇਰਣਾ ਪੈਦਾ ਕਰਦੀ ਹੈ।

## ਸਟੱਡੀ ਹਬ ਅਤੇ ਡਿਜੀਟਲ ਲਰਨਿੰਗ

ਏਅਰ ਕੰਡੀਸ਼ਨਡ ਲਾਇਬ੍ਰੇਰੀ ਅਤੇ ਸਟੱਡੀ ਹਬ ਵਿਦਿਆਰਥੀਆਂ ਨੂੰ ਪੜ੍ਹਾਈ ਅਤੇ ਖੋਜ ਲਈ ਉਚਿਤ ਮਾਹੌਲ ਪ੍ਰਦਾਨ ਕਰਦੇ ਹਨ। ਫਰੀ ਈ-ਸਰੋਤਾਂ ਦੀ ਸਹੂਲਤ ਵਿਦਿਆਰਥੀਆਂ ਨੂੰ ਆਧੁਨਿਕ ਅਧਿਐਨ ਪੱਧਤੀਆਂ ਨਾਲ ਜੋੜਦੇ ਹਨ।

## ਸੁਰੱਖਿਅਤ ਕੈਂਪਸ

ਸੁਰੱਖਿਅਤ ਕੈਂਪਸ ਕਾਲਜ ਦੇ ਵਿਦਿਆਰਥੀਆਂ ਲਈ ਸਿਹਤਮੰਦ, ਸਮਾਵੇਸ਼ੀ ਅਤੇ ਪ੍ਰੇਰਣਾਦਾਇਕ ਮਾਹੌਲ ਪ੍ਰਦਾਨ ਕਰਦਾ ਹੈ। ਕਾਲਜ ਵਿੱਚ ਵਾਤਾਵਰਣ ਸੰਭਾਲ ਅਤੇ ਸਫ਼ਾਈ ਪ੍ਰਤੀ ਵਿਸ਼ੇਸ਼ ਧਿਆਨ ਦਿੱਤਾ ਜਾਂਦਾ ਹੈ। ਸੁਰੱਖਿਅਤ ਅਤੇ ਅਨੁਸ਼ਾਸਿਤ ਵਾਤਾਵਰਣ ਵਿਦਿਆਰਥੀਆਂ ਨੂੰ ਨਿਡਰ ਹੋ ਕੇ ਸਿੱਖਣ ਅਤੇ ਵਿਕਸਿਤ ਹੋਣ ਲਈ ਪ੍ਰੇਰਿਤ ਕਰਦਾ ਹੈ।



## ਸੁਵਿਧਾਜਨਕ ਕਲਾਸਰੂਮ

ਕਾਲਜ ਦੇ ਕਲਾਸਰੂਮ ਖੁੱਲ੍ਹੇ, ਸਾਫ਼-ਸੁਥਰੇ ਅਤੇ ਹਵਾਦਾਰ ਹਨ, ਜੋ ਵਿਦਿਆਰਥੀਆਂ ਲਈ ਸੁਖਦਾਈ ਅਤੇ ਅਨੁਕੂਲ ਸਿਖਲਾਈ ਦਾ ਮਾਹੌਲ ਪ੍ਰਦਾਨ ਕਰਦੇ ਹਨ। ਵਿਦਿਆਰਥੀਆਂ ਦੀ ਸਹੂਲਤ ਅਤੇ ਫੋਕਸਡ ਲਰਨਿੰਗ ਲਈ ਕਲਾਸਰੂਮ ਉਪਲਬਧ ਹਨ।

## ਇੰਡਸਟਰੀਅਲ ਕੋਲੈਬੋਰੇਸ਼ਨ

**ਡੇਰਾ ਬੱਸੀ ਪੰਜਾਬ ਦਾ ਇੱਕ ਮਹੱਤਵਪੂਰਨ ਉਦਯੋਗਿਕ ਕੇਂਦਰ ਹੋਣ ਕਰਕੇ ਸਰਕਾਰੀ ਕਾਲਜ, ਡੇਰਾ ਬੱਸੀ ਨੂੰ ਉਦਯੋਗਿਕ ਸੰਸਥਾਵਾਂ ਨਾਲ ਸਾਂਝ ਦਾ ਵਿਸ਼ੇਸ਼ ਲਾਭ ਪ੍ਰਾਪਤ ਹੈ। ਕਾਲਜ ਵੱਲੋਂ ਵੱਖ-ਵੱਖ ਉਦਯੋਗਿਕ ਇਕਾਈਆਂ ਅਤੇ ਸਥਾਨਕ ਇੰਡਸਟਰੀ ਪ੍ਰਤਿਨਿਧੀਆਂ ਨਾਲ ਮਿਲ ਕੇ ਵਿਦਿਆਰਥੀਆਂ ਲਈ ਉਦਯੋਗਿਕ ਦੌਰੇ, ਇੰਟਰਨਸ਼ਿਪ, ਸਕਿੱਲ ਡਿਵੈਲਪਮੈਂਟ ਪ੍ਰੋਗਰਾਮ ਅਤੇ ਰੋਜ਼ਗਾਰ ਸੰਬੰਧੀ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਇਹ ਸਾਂਝ ਵਿਦਿਆਰਥੀਆਂ ਨੂੰ ਉਦਯੋਗਿਕ ਮਾਹੌਲ ਨਾਲ ਜਾਣੂ ਕਰਵਾਉਂਦੀ ਹੈ ਅਤੇ ਉਨ੍ਹਾਂ ਦੇ ਰੋਜ਼ਗਾਰ ਮੌਕਿਆਂ ਨੂੰ ਵਧਾਉਂਦੀ ਹੈ।**

## ਵਿਸ਼ਾਲ ਖੇਡ ਮੈਦਾਨ ਅਤੇ ਸਟੇਡੀਅਮ

ਕਾਲਜ ਵਿੱਚ ਵਿਸ਼ਾਲ ਖੇਡ ਮੈਦਾਨ ਅਤੇ ਸਟੇਡੀਅਮ ਉਪਲਬਧ ਹਨ, ਜਿੱਥੇ ਵਿਦਿਆਰਥੀਆਂ ਨੂੰ ਵੱਖ-ਵੱਖ ਖੇਡ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਖੇਡਾਂ ਰਾਹੀਂ ਵਿਦਿਆਰਥੀਆਂ ਵਿੱਚ ਟੀਮ ਵਰਕ ਅਤੇ ਅਗਵਾਈ ਕਰਨ ਦੇ ਗੁਣਾਂ ਦਾ ਵਿਕਾਸ ਹੁੰਦਾ ਹੈ।



## ਸਟੂਡੈਂਟ ਸੈਂਟਰ ਅਤੇ ਕੈਂਟੀਨ

ਕਾਲਜ ਦਾ ਸਟੂਡੈਂਟ ਸੈਂਟਰ ਅਤੇ ਕੈਂਟੀਨ ਵਿਦਿਆਰਥੀਆਂ ਲਈ ਆਰਾਮ, ਆਪਸੀ ਸੰਚਾਰ ਅਤੇ ਸਿਹਤਮੰਦ ਭੋਜਨ ਦੀ ਸੁਵਿਧਾ ਪ੍ਰਦਾਨ ਕਰਦੇ ਹਨ। ਇਹ ਸਥਾਨ ਸਹਿਯੋਗ, ਵਿਚਾਰ-ਵਟਾਂਦਰੇ ਅਤੇ ਰਚਨਾਤਮਕ ਗਤੀਵਿਧੀਆਂ ਦਾ ਕੇਂਦਰ ਵੀ ਹਨ।

## ਜਿਮਨੇਜ਼ੀਅਮ ਅਤੇ ਫਿਟਨੈੱਸ

ਵਿਦਿਆਰਥੀਆਂ ਦੀ ਤੰਦਰੁਸਤੀ ਲਈ ਕਾਲਜ ਵਿੱਚ ਦੋ ਇੰਡੋਰ ਜਿਮਨੇਜ਼ੀਅਮ ਅਤੇ ਇਕ ਓਪਨ ਜਿਮ ਉਪਲਬਧ ਹੈ। ਆਧੁਨਿਕ ਜਿਮ ਉਪਕਰਣਾਂ ਰਾਹੀਂ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

# ਵਿਦਿਆਰਥੀ ਵਿਕਾਸ ਅਤੇ ਸਹਾਇਤਾ ਪ੍ਰਣਾਲੀ

## ਇੰਸਟੀਚਿਊਸ਼ਨਲ ਇਨੋਵੇਸ਼ਨ ਕੌਂਸਲ (ਆਈ ਆਈ ਸੀ)

ਆਈ ਆਈ ਸੀ ਵਿਦਿਆਰਥੀਆਂ ਵਿੱਚ ਨਵੀਨਤਾ, ਉੱਦਮਤਾ ਅਤੇ ਸਟਾਰਟਅੱਪ ਨੂੰ ਉਤਸ਼ਾਹਿਤ ਕਰਨ ਵਾਸਤੇ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਮੰਚ ਰਾਹੀਂ ਵਰਕਸ਼ਾਪਾਂ, ਸੈਮੀਨਾਰਾਂ, ਮਾਹਿਰ ਲੈਕਚਰਾਂ ਬਿਜ਼ਨਸ ਯੋਜਨਾ ਮੁਕਾਬਲਿਆਂ ਅਤੇ ਉਦਯੋਗਿਕ ਦੌਰਿਆਂ ਦਾ ਆਯੋਜਨ ਕੀਤਾ ਜਾਂਦਾ ਹੈ। ਵਿਦਿਆਰਥੀਆਂ ਨੂੰ ਰਚਨਾਤਮਕ ਸੋਚ, ਟੀਮ ਵਰਕ ਵਰਗੇ ਹੁਨਰ ਵਿਕਸਿਤ ਕਰਨ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

## ਰਿਸਰਚ ਅਤੇ ਡਿਵੈਲਪਮੈਂਟ ਸੈੱਲ

ਰਿਸਰਚ ਅਤੇ ਡਿਵੈਲਪਮੈਂਟ ਸੈੱਲ ਵਿਦਿਆਰਥੀਆਂ ਵਿੱਚ ਖੋਜ ਪ੍ਰਤੀ ਰੁਚੀ ਅਤੇ ਜਾਗਰੂਕਤਾ ਪੈਦਾ ਕਰਨ ਲਈ ਕੰਮ ਕਰਦਾ ਹੈ। ਇਹ ਸੈੱਲ ਵਿਦਿਆਰਥੀਆਂ ਨੂੰ ਨਵੇਂ ਵਿਚਾਰਾਂ, ਖੋਜ ਪ੍ਰੋਜੈਕਟਾਂ ਅਤੇ ਅਕਾਦਮਿਕ ਗਤੀਵਿਧੀਆਂ ਨਾਲ ਜੋੜਦਾ ਹੈ। ਖੋਜ-ਅਧਾਰਿਤ ਸਿਖਿਆ ਰਾਹੀਂ ਵਿਦਿਆਰਥੀਆਂ ਦੀ ਵਿਸ਼ਲੇਸ਼ਣਾਤਮਕ ਅਤੇ ਰਚਨਾਤਮਕ ਯੋਗਤਾ ਵਿੱਚ ਵਾਧਾ ਹੁੰਦਾ ਹੈ। ਸੈੱਲ ਵੱਲੋਂ ਸਮੇਂ-ਸਮੇਂ 'ਤੇ ਸੈਮੀਨਾਰ, ਲੈਕਚਰਜ਼ ਦਾ ਆਯੋਜਨ ਕੀਤਾ ਜਾਂਦਾ ਹੈ।



## ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ

ਸਰਕਾਰੀ ਕਾਲਜ ਡੇਰਾ ਬੱਸੀ ਕਾਲਜ ਦਾ ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ ਵਿਦਿਆਰਥੀਆਂ ਨੂੰ ਰੋਜ਼ਗਾਰ ਅਤੇ ਕਰੀਅਰ ਮੌਕਿਆਂ ਨਾਲ ਜੋੜਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਉਦਯੋਗਿਕ ਸੰਸਥਾਵਾਂ ਨਾਲ ਸਾਂਝ ਰਾਹੀਂ ਇੰਟਰਨਸ਼ਿਪ, ਟ੍ਰੇਨਿੰਗ ਅਤੇ ਪਲੇਸਮੈਂਟ ਦੇ ਮੌਕੇ ਉਪਲਬਧ ਕਰਵਾਏ ਜਾਂਦੇ ਹਨ। ਕਾਲਜ ਵਿੱਚ ਸਥਾਪਿਤ ਰੋਜ਼ਗਾਰ ਸੂਚਨਾ ਅਤੇ ਗਾਈਡੈਂਸ ਕੇਂਦਰ ਵਿਦਿਆਰਥੀਆਂ ਨੂੰ ਵੱਖ-ਵੱਖ ਕਿੱਤਿਆਂ, ਮੁਕਾਬਲੇ ਦੀਆਂ ਪ੍ਰੀਖਿਆਵਾਂ ਅਤੇ ਕਰੀਅਰ ਮੌਕਿਆਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

## ਟਿਊਟੋਰੀਅਲ ਅਤੇ ਮੈਂਟਰ ਗਰੁੱਪ

ਵਿਦਿਆਰਥੀਆਂ ਨੂੰ ਕਾਲਜ ਨਾਲ ਜੋੜਨ ਅਤੇ ਉਨ੍ਹਾਂ ਦੀ ਅਕਾਦਮਿਕ ਅਤੇ ਨਿੱਜੀ ਵਿਕਾਸ ਨੂੰ ਮਜ਼ਬੂਤ ਬਣਾਉਣ ਲਈ ਟਿਊਟੋਰੀਅਲ ਅਤੇ ਮੈਂਟਰ ਗਰੁੱਪ ਬਣਾਏ ਜਾਂਦੇ ਹਨ। ਹਰ ਗਰੁੱਪ ਦਾ ਇੰਚਾਰਜ ਇੱਕ ਅਧਿਆਪਕ ਹੁੰਦਾ ਹੈ, ਜੋ ਵਿਦਿਆਰਥੀਆਂ ਨੂੰ ਮਾਰਗਦਰਸ਼ਨ ਅਤੇ ਸਲਾਹ ਪ੍ਰਦਾਨ ਕਰਦਾ ਹੈ। ਇਹ ਗਰੁੱਪ ਵਿਦਿਆਰਥੀਆਂ ਦੀਆਂ ਅਕਾਦਮਿਕ ਸਮੱਸਿਆਵਾਂ ਅਤੇ ਕਰੀਅਰ ਸੰਬੰਧੀ ਮਸਲਿਆਂ 'ਤੇ ਵਿਚਾਰ-ਵਟਾਂਦਰਾ ਵੀ ਕਰਦਾ ਹੈ।

## ਐਂਟੀ ਸੈਕਸ਼ੁਅਲ ਹੈਰਾਸਮੈਂਟ ਸੈਲ

ਵਿਦਿਆਰਥਣਾਂ ਦੀ ਸੁਰੱਖਿਆ ਅਤੇ ਸਨਮਾਨ ਨੂੰ ਯਕੀਨੀ ਬਣਾਉਣ ਲਈ ਕਾਲਜ ਵਿੱਚ ਐਂਟੀ ਸੈਕਸ਼ੁਅਲ ਹੈਰਾਸਮੈਂਟ ਅਤੇ ਵੂਮੈਨ ਸੈਲ ਕੰਮ ਕਰਦਾ ਹੈ। ਜੇ ਵਿਦਿਆਰਥਣ ਨੂੰ ਕੋਈ ਸਮੱਸਿਆ ਪੇਸ਼ ਆਉਂਦੀ ਹੈ ਤਾਂ ਉਹ ਇਸ ਸੈਲ ਰਾਹੀਂ ਸਹਾਇਤਾ ਪ੍ਰਾਪਤ ਕਰ ਸਕਦੀ ਹੈ।



# ਕਲੱਬ ਅਤੇ ਵਿਦਿਆਰਥੀ ਗਤੀਵਿਧੀਆਂ




## ਈਕੋ-ਕਲੱਬ

**ਈਕੋ-ਕਲੱਬ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨ ਲਈ ਸਰਗਰਮ ਤੌਰ 'ਤੇ ਕੰਮ ਕਰਦਾ ਹੈ। ਰੀਸਾਈਕਲਿੰਗ, ਪਾਣੀ ਸੰਭਾਲ, ਊਰਜਾ ਬਚਤ ਅਤੇ ਜੈਵਿਕ ਖੇਤੀ ਵਰਗੀਆਂ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਨੂੰ ਵਾਤਾਵਰਣ ਸੰਭਾਲ ਨਾਲ ਜੋੜਿਆ ਜਾਂਦਾ ਹੈ।**




## ਰੈੱਡ ਰਿਬਨ ਕਲੱਬ

ਰੈੱਡ ਰਿਬਨ ਕਲੱਬ ਸਿਹਤ ਜਾਗਰੂਕਤਾ ਅਤੇ ਐਚ.ਆਈ.ਵੀ./ਏਡਜ਼ ਬਾਰੇ ਸਹੀ ਜਾਣਕਾਰੀ ਪ੍ਰਸਾਰਿਤ ਕਰਨ ਲਈ ਕੰਮ ਕਰਦਾ ਹੈ। ਸੈਮੀਨਾਰਾਂ, ਰੈਲੀਆਂ ਅਤੇ ਸਿਹਤ ਮੁਹਿੰਮਾਂ ਰਾਹੀਂ ਵਿਦਿਆਰਥੀਆਂ ਨੂੰ ਸਿਹਤਮੰਦ ਜੀਵਨ-ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕੀਤਾ ਜਾਂਦਾ ਹੈ।

## ਪੀ.ਟੀ.ਏ. (ਪੇਰੈਂਟ-ਟੀਚਰ ਐਸੋਸ਼ਿਏਸ਼ਨ)

ਵਿਦਿਆਰਥੀਆਂ ਦੀ ਭਲਾਈ ਅਤੇ ਕਾਲਜ ਦੇ ਵਿਕਾਸ ਲਈ ਹਰ ਸਾਲ ਪੀ.ਟੀ.ਏ. ਦਾ ਗਠਨ ਕੀਤਾ ਜਾਂਦਾ ਹੈ। ਮਾਤਾ-ਪਿਤਾ ਅਤੇ ਅਧਿਆਪਕ ਮਿਲ ਕੇ ਵਿਦਿਆਰਥੀਆਂ ਦੀਆਂ ਅਕਾਦਮਿਕ, ਸਾਂਸਕ੍ਰਿਤਿਕ ਅਤੇ ਹੋਰ ਜ਼ਰੂਰਤਾਂ ਨਾਲ ਸੰਬੰਧਿਤ ਫ਼ੈਸਲੇ ਲੈਂਦੇ ਹਨ।

## ਕਾਨੂੰਨੀ ਸੇਵਾਵਾਂ ਸਹਾਇਤਾ ਸੋਸਾਇਟੀ

ਕਾਨੂੰਨੀ ਸੇਵਾਵਾਂ ਸਹਾਇਤਾ ਸੋਸਾਇਟੀ ਵਿਦਿਆਰਥੀਆਂ ਵਿੱਚ ਕਾਨੂੰਨੀ ਜਾਗਰੂਕਤਾ ਅਤੇ ਉਨ੍ਹਾਂ ਦੇ ਅਧਿਕਾਰਾਂ ਪ੍ਰਤੀ ਚੇਤਨਾ ਪੈਦਾ ਕਰਨ ਲਈ ਕੰਮ ਕਰਦੀ ਹੈ। ਵਰਕਸ਼ਾਪਾਂ ਅਤੇ ਜਾਗਰੂਕਤਾ ਪ੍ਰੋਗਰਾਮਾਂ ਰਾਹੀਂ ਵਿਦਿਆਰਥੀਆਂ ਨੂੰ ਮੁਫ਼ਤ ਕਾਨੂੰਨੀ ਸੇਵਾਵਾਂ ਅਤੇ ਕਾਨੂੰਨੀ ਪ੍ਰਕਿਰਿਆਵਾਂ ਬਾਰੇ ਜਾਣੂ ਕਰਵਾਇਆ ਜਾਂਦਾ ਹੈ।

## ਹਾਇਰ ਐਜੂਕੇਸ਼ਨ ਇੰਸਟੀਚਿਊਟ ਸੋਸਾਇਟੀ

ਕਾਲਜ ਦੀ ਐਚ ਈ ਆਈ ਐਸ ਦੇ ਅਧੀਨ ਵੱਖ-ਵੱਖ ਸਵੈ-ਵਿੱਤੀ ਕੋਰਸ ਚਲਾਏ ਜਾਂਦੇ ਹਨ। ਇਹ ਸੋਸਾਇਟੀ ਵਿਦਿਆਰਥੀਆਂ ਨੂੰ ਆਧੁਨਿਕ ਅਤੇ ਰੋਜ਼ਗਾਰ-ਕੇਂਦਰਿਤ ਸਿੱਖਿਆ ਨਾਲ ਜੋੜਨ ਲਈ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ।

# ਫ਼ੀਸਾਂ ਅਤੇ ਫੰਡ

| ਕਾਲਜ ਫੰਡ (A) | | | |
|---|---|---|---|
| ਲੜੀ ਨੰ. | ਵੇਰਵਾ | Sem-I | Sem-III & V |
| 1 | ਏ.ਐਫ. | 96 | 96 |
| 2 | ਲਾਇਬ੍ਰੇਰੀ ਸੈਕਸ਼ਨ | 150 | 0 |
| 3 | ਹਾਊਸ ਇਗਜ਼ਾਮ ਫੰਡ | 32 | 32 |
| 4 | ਬਿਲਡਿੰਗ ਫੰਡ | 15 | 15 |
| 5 | ਆਈ ਕਾਰਡ | 10 | 10 |
| 6 | ਹੈਲਥ ਫੰਡ | 10 | 10 |
| 7 | ਰੈਡ ਕਰਾਸ | 42 | 42 |
| 8 | ਸਾਇਕਲ ਫੰਡ | 100 | 100 |
| 9 | ਕੈਂਪਸ ਸਪੋਰਟਸ ਫੀਸ | 10 | 10 |
| 10 | ਮੈਗਜ਼ੀਨ ਫੰਡ | 20 | 20 |
| 11 | ਡੀ.ਐਫ. | 6 | 6 |
| 12 | ਪੰਜਾਬ ਕਾਲਜ ਫਿਜਿਕਲ ਐਜੂ: ਵਿਕਾਸ ਫੰਡ | 75 | 75 |
| 13 | ਵਿਦਿਆਰਥੀ ਸਹਾਇਤਾ ਫੰਡ | 5 | 5 |
| 14 | ਹਾਇਰ ਐਜੂਕੇਸ਼ਨ | 10 | 10 |
| 15 | ਲਾਇਬ੍ਰੇਰੀ ਵਿਕਾਸ ਫੰਡ | 150 | 150 |
| 16 | ਈ-ਗਵਰਨੈਂਸ | 150 | 150 |
| 17 | ਪੀ.ਟੀ.ਏ. | 2500 | 2500 |
| 18 | ਪ੍ਰੈਕਟੀਕਲ ਫੀਸ ਸਾਇੰਸ(ਪ੍ਰਤੀ ਪ੍ਰੈਕਟੀਕਲ)<br>(ਫਿਜਿਕਸ 60 ਕੈਮਿਸਟਰੀ-60) | 60 | 60 |
| 19 | ਪ੍ਰੈਕਟੀਕਲ ਫੀਸ-ਆਰਟਸ(ਪ੍ਰਤੀ ਪ੍ਰੈਕਟੀਕਲ)<br>(ਹੋਮ ਸਾਇੰਸ/ਜੌਗਰਫੀ/ਫਾਈਨ ਆਰਟਸ/ਮਿਊਜ਼ਿਕ(ਵੋਕਲ)/ਕੰਪਿਊਟਰ ਸਾਇੰਸ) | 84 | 84 |
| | | | |

| ਸਰਕਾਰੀ ਫ਼ੀਸਾਂ (B) | | | |
|---|---|---|---|
| ਲੜੀ ਨੰ. | ਵੇਰਵਾ | Sem-I | Sem-III & V |
| 1 | ਦਾਖਲਾ ਫੀਸ | 10 | 10 |
| 2 | ਟਿਊਸ਼ਨ ਫੀਸ | 144 (ਸਿਰਫ ਲੜਕੇ) | 144 (ਸਿਰਫ ਲੜਕੇ) |
| | | | |

| ਯੂਨੀਵਰਸਿਟੀ ਫ਼ੀਸਾਂ (C) | | | |
|---|---|---|---|
| **ਲੜੀ ਨੰ.** | **ਵੇਰਵਾ** | **Sem-I** | **Sem-III & V** |
| 1 | ਰਜਿਸਟ੍ਰੇਸ਼ਨ ਫੀਸ | 880 | |
| 2 | ਕੰਨਟਿਨਿਊਸ਼ਨ ਫੀਸ | | 330 |
| 3 | ਪੰਜਾਬ ਸਟੇਟ ਸਪੋਰਟਸ ਕਾਉਂਸਲ ਫੀਸ | 30 | 30 |
| 4 | ਸਪੋਰਟਸ ਫੀਸ | 550 | 550 |
| 5 | ਕਾਲਜ ਵਿਕਾਸ ਫੰਡ | 140 | 140 |
| 6 | ਯੂਥ ਵੈਲਫੇਅਰ ਫੰਡ | 110 | 110 |
| 7 | ਇਨਫਰਾਸਟਰੱਕਚਰ ਫੰਡ | 110 | 110 |
| 8 | ਐਨ.ਐਸ.ਐਸ. | 90 | 90 |
| 9 | ਵੈਰੀਫਿਕੇਸ਼ਨ ਫੀਸ | 880 | |
| 10 | ਮਾਈਗ੍ਰੇਸ਼ਨ ਫੀਸ | 170 | |
| 11 | ਬਲਾਕ ਐਂਟਰੀ ਫੀਸ | 60 | 60 |
| 12 | ਪੰਜਾਬੀ ਭਾਸ਼ਾ ਵਿਕਾਸ ਫੰਡ | 90 | 90 |
| 13 | ਸਪੋਰਟਸ ਹੋਸਟਲ ਫੀਸ | 220 | 220 |
| 14 | ਸਪੋਰਟਸ ਇਨਫਰਾਸਟਰੱਕਚਰ ਵਿਕਾਸ ਫੰਡ | 220 | 220 |
| 15 | ਸਪੋਰਟਸ ਵਿੰਗ ਫੀਸ | 110 | 110 |
| 16 | ਪ੍ਰੀਖਿਆ ਫਾਰਮ ਫੀਸ | 240 | 240 |
| 17 | ਪ੍ਰੀਖਿਆ ਫੀਸ (Odd & Even) | 3200 | 3200 |
| 18 | ਪ੍ਰੀਖਿਆ ਪ੍ਰੈਕਟੀਕਲ ਫੀਸ (Odd & Even) | 1220 | 1220 |
| 19 | ਹੋਲੀਡੇ ਹੋਮ ਫੀਸ | 0 | 0 |
| 20 | ਪ੍ਰੋਸੈਸਿੰਗ ਫੀਸ (UG) ਜਨਰਲ | 170 | |
| 21 | ਪ੍ਰੋਸੈਸਿੰਗ ਫੀਸ (UG) ਐਸ.ਸੀ. | 110 | |
| 22 | ਪ੍ਰੈਕਟੀਕਲ ਫੀਸ | 590 | |

| ਸਵੈ-ਵਿੱਤੀ ਕੋਰਸਾਂ ਦੀ ਫੀਸ ਦਾ ਵੇਰਵਾ | | | |
|---|---|---|---|
| **ਕੋਰਸ** | **ਸਮੈਸਟਰ ਪਹਿਲਾ** | **ਸਮੈਸਟਰ ਤੀਜਾ** | **ਸਮੈਸਟਰ ਪੰਜਵਾਂ** |
| ਬੀ.ਸੀ.ਏ. ਆਨਰਜ਼ | 27900/- | 26600/- | 26600/- |
| ਬੀ.ਬੀ.ਏ. ਆਨਰਜ਼ | 32000/- | 30000/- | 30000/- |
| ਬੀ.ਕਾਮ (ਆਨਰਜ਼) | 22880/- | 20000/- | 20000/- |
| ਬੀ.ਏ. (ਅਸਥੈਟਿਕ ਐਂਡ ਬਿਊਟੀ ਥੈਰੇਪੀ) | 39370/- | 37370/- | — |
| ਐੱਮ.ਕਾਮ | 25000/- | 23000/- | — |

**ਜ਼ਰੂਰੀ ਨੋਟ:** ਵਿਦਿਆਰਥਣਾਂ ਤੋਂ ਕੋਈ ਟਿਊਸ਼ਨ ਫੀਸ ਨਹੀਂ ਲਈ ਜਾਂਦੀ ਪਰ ਉਹਨਾਂ ਨੂੰ ਦੂਜੇ ਖਰਚੇ, ਪ੍ਰਸ਼ਾਸਕੀ ਫੰਡ ਅਤੇ ਫੀਸਾਂ ਅਤੇ ਯੂਨੀਵਰਸਿਟੀ ਫੀਸ ਦੇਣੀ ਹੋਵੇਗੀ। **ਪੰਜਾਬ ਸਰਕਾਰ/ਪੰਜਾਬੀ ਯੂਨੀਵਰਸਿਟੀ/ਕਾਲਜ ਪ੍ਰਸ਼ਾਸਨ ਵੱਲੋਂ ਕਿਸੇ ਵੀ ਸਮੇਂ ਉਪਰੋਕਤ ਦਰਾਂ ਵਿੱਚ ਸੋਧ ਕੀਤੀ ਜਾ ਸਕਦੀ ਹੈ।**

**ਫੀਸ ਭਰਨ ਦੀ ਵਿਧੀ:** ਸਾਰੀਆਂ ਕਲਾਸਾਂ ਦੀ ਫੀਸ ਆਨ ਲਾਈਨ ਵਿਧੀ ਰਾਹੀਂ ਭਰੀ ਜਾਵੇਗੀ। ਇਸ ਸਬੰਧੀ ਵਿਸਥਾਰਤ ਜਾਣਕਾਰੀ ਵਿਦਿਆਰਥੀ ਕਾਲਜ ਦੀ ਵੈਬਸਾਈਟ www.gcderabassi.ac.in ਤੋਂ ਪ੍ਰਾਪਤ ਕਰ ਸਕਦੇ ਹਨ।

**ਫੀਸ ਮੁਆਫੀ:** ਕਾਲਜ ਵਿੱਚ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਭੈਣ/ਭਰਾ ਵਿੱਚੋਂ ਇੱਕ ਦਾ ਪੂਰਾ ਪੀ.ਟੀ.ਏ. ਫੰਡ ਮਾਫ ਕੀਤਾ ਜਾਵੇਗਾ। ਅਜਿਹਾ ਵੱਡੀ ਕਲਾਸ ਵਿੱਚ ਪੜ੍ਹਦੇ ਭਰਾ/ਭੈਣ ਦੁਆਰਾ ਪੂਰੀ ਫੀਸ ਅਤੇ ਪੂਰਾ ਪੀ.ਟੀ.ਏ. ਫੰਡ ਅਦਾ ਕਰਨ ਦੀ ਸੂਰਤ ਵਿੱਚ ਕੀਤਾ ਜਾਵੇਗਾ।

# ਸਕਾਲਰਸ਼ਿਪ

## ਐਸ.ਸੀ. ਸਕਾਲਰਸ਼ਿਪ

### ਯੋਗਤਾ

- ਅਨੁਸੂਚਿਤ ਜਾਤੀ ਨਾਲ ਸੰਬੰਧਿਤ ਵਿ-ਦਿਆਰਥੀ
- ਘਰ ਦੀ ਸਾਲਾਨਾ ਆਮਦਨ ≤ ₹2,50,000
- ਕਿਸੇ ਮੰਜ਼ੂਰਸ਼ੁਦਾ ਕੋਰਸ ਵਿੱਚ ਦਾਖਲਾ ਲਿਆ ਹੋਵੇ

### ਲਾਭ

- ਫੀਸ ਅਤੇ ਹੋਰ ਮਨਜ਼ੂਰਸ਼ੁਦਾ ਖਰਚਾਂ ਦੀ ਵਾਪਸੀ (ਸਰਕਾਰੀ ਨਿਯਮਾਂ ਅਨੁਸਾਰ)

### ਸ਼ਰਤਾਂ

- ਵਿਦਿਆਰਥੀ ਨੂੰ ਗੈਰ-ਵਾਪਸੀਯੋਗ ਫੀਸ ਦੇ ਕੇ ਦਾਖਲਾ ਲੈਣਾ ਪਵੇਗਾ
- ਸਕਾਲਰਸ਼ਿਪ ਆਉਣ ਉਪਰੰਤ ਫੀਸ ਕਾਲਜ ਵਿੱਚ ਜਮ੍ਹਾਂ ਕਰਵਾਉਣੀ ਲਾਜ਼ਮੀ ਹੈ

### ਪ੍ਰਕਿਰਿਆ

- ਨਿਰਧਾਰਤ ਆਨਲਾਈਨ ਪੋਰਟਲ 'ਤੇ ਸਮੇਂ ਸਿਰ ਅਪਲਾਈ ਕਰਨਾ ਲਾਜ਼ਮੀ ਹੈ
- ਕਾਲਜ ਵੈਰੀਫਿਕੇਸ਼ਨ > ਸਰਕਾਰੀ ਮਨਜ਼ੂਰੀ > ਡੀ.ਬੀ.ਟੀ. ਰਾਹੀਂ ਭੁਗਤਾਨ

## ਓ.ਬੀ.ਸੀ. ਸਕਾਲਰਸ਼ਿਪ

### ਯੋਗਤਾ

- ਓ.ਬੀ.ਸੀ. ਵਰਗ ਨਾਲ ਸੰਬੰਧਿਤ ਹੋਣਾ ਲਾਜ਼ਮੀ ਹੈ



- ਸਾਲਾਨਾ ਆਮਦਨ ≤ ₹1,00,000

### ਸ਼ਰਤਾਂ

- ਨਿਰਧਾਰਤ ਆਨਲਾਈਨ ਪੋਰਟਲ 'ਤੇ ਸਮੇਂ ਸਿਰ ਅਪਲਾਈ ਕਰਨਾ ਲਾਜ਼ਮੀ ਹੈ
- ਸਰਕਾਰੀ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਲਾਜ਼ਮੀ ਹੈ

## ਈ.ਡਬਲਯੂ.ਐਸ. ਸਕਾਲਰਸ਼ਿਪ

### ਯੋਗਤਾ

- ਜਨਰਲ ਕੈਟੇਗਰੀ ਈ.ਡਬਲਯੂ.ਐਸ.
- ਸਾਲਾਨਾ ਆਮਦਨ ≤ ₹1,00,000

### ਪ੍ਰਕਿਰਿਆ

- ਨਿਰਧਾਰਤ ਆਨਲਾਈਨ ਪੋਰਟਲ 'ਤੇ ਸਮੇਂ ਸਿਰ ਅਪਲਾਈ ਕਰਨਾ ਲਾਜ਼ਮੀ ਹੈ
- ਆਮਦਨ ਅਤੇ ਈ.ਡਬਲਯੂ.ਐਸ. ਸਰ-ਟੀਫਿਕੇਟ ਲਾਜ਼ਮੀ ਹੈ

### ਸੈਂਟਰਲ ਸਕੀਮਾਂ (ਨੈਸ਼ਨਲ ਸਕਾਲਰਸ਼ਿਪ ਪੋਰਟਲ ਰਾਹੀਂ)

## ਘੱਟਗਿਣਤੀ ਵਰਗ ਸਕਾਲਰਸ਼ਿਪ

### ਯੋਗਤਾ

- ਸਿੱਖ, ਇਸਾਈ, ਬੋਧ, ਮੁਸਲਿਮ, ਪਾਰਸੀ, ਜੈਨ
- ਘੱਟੋ-ਘੱਟ 50% ਅੰਕ
- 75% ਹਾਜ਼ਰੀ
- ਆਮਦਨ ≤ ₹2,00,000

## ਸੈਂਟਰਲ ਸੈਕਟਰ ਮੈਰਿਟ ਸਕਾਲਰਸ਼ਿਪ

### ਯੋਗਤਾ

- 10+2 ਵਿੱਚ ≥ 78% ਅੰਕ
- ਆਮਦਨ ≤ ₹8,00,000
- 75% ਹਾਜ਼ਰੀ

### ਰਾਜ ਅਤੇ ਸੰਸਥਾ ਆਧਾਰਿਤ ਸਕਾਲ-ਰਸ਼ਿਪ

## ਮੁੱਖ ਮੰਤਰੀ ਸਕਾਲਰਸ਼ਿਪ

### ਲਾਭ (ਪਰੀਖਿਆ ਫੀਸ ਛੂਟ)

- 60–70% ਅੰਕ: 70% ਛੂਟ
- 70–80%: 80% ਛੂਟ
- 80–90% 90% ਛੂਟ
- 90% ਜਾਂ ਵੱਧ: 100% ਛੂਟ

#### ਉਦੇਸ਼

- ਮੈਰਿਟ ਵਾਲੇ ਵਿਦਿਆਰਥੀਆਂ ਨੂੰ ਸਹਾਇਤਾ

## ਦਿਵਿਆਂਗ ਸਕਾਲਰਸ਼ਿਪ

#### ਯੋਗਤਾ

- 40% ਜਾਂ ਵੱਧ ਦਿਵਿਆਂਗਤਾ
- ਆਮਦਨ ≤ ₹8,00,000

## ਪਰਨੌਡ ਰਿਕਾਰਡ ਇੰਡੀਆ ਫਾਊਂਡੇਸ਼ਨ ਸਕਾਲਰਸ਼ਿਪ

#### ਯੋਗਤਾ

- ਆਮਦਨ ≤ ₹2,50,000
- ਡੇਰਾ ਬੱਸੀ ਦਾ ਨਿਵਾਸੀ
- ≥ 65% ਅੰਕ

#### ਚੋਣ

- ਦਸਤਾਵੇਜ਼ + ਘਰ ਦੀ ਜਾਂਚ

## ਰਿਟਾਇਰਡ ਟੀਚਰਜ਼ ਵੈਲਫੇਅਰ ਐਸੋਸੀਏਸ਼ਨ ਸਕਾਲਰਸ਼ਿਪ

#### ਲਾਭ

- ₹2500 ਪ੍ਰਤੀ ਸਾਲ

#### ਸ਼ਰਤ

- ਹੋਰ ਕੋਈ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ

## ਸਾਂਝੇ ਦਸਤਾਵੇਜ਼ (ਸਭ ਲਈ ਲਾਜ਼ਮੀ)

#### ਬੁਨਿਆਦੀ ਦਸਤਾਵੇਜ਼

- ਆਮਦਨ ਸਰਟੀਫਿਕੇਟ (ਤਹਿਸੀਲ-ਦਾਰ ਤੋਂ)
- ਜਾਤੀ ਸਰਟੀਫਿਕੇਟ ਅਤੇ ਰਿਹਾਇਸ਼ ਸਰਟੀਫਿਕੇਟ
- ਆਧਾਰ (ਵਿਦਿਆਰਥੀ+ ਮਾਪੇ)
- ਬੈਂਕ ਖਾਤਾ ਆਪਣੇ ਨਾਮ 'ਤੇ, ਆਧਾਰ ਨਾਲ ਜੁੜਿਆ ਹੋਇਆ, ਡੀ.ਬੀ.ਟੀ. (ਸਿੱਧੀ ਲਾਭ ਅਦਾਇਗੀ) ਯੋਗ ਕੀਤਾ ਹੋਇਆ
- 10ਵੀਂ ਅਤੇ 10+2 ਦੀ ਡੀ.ਐਮ.ਸੀ. (ਅੰਕ ਪੱਤਰ)

## ਖਾਸ ਨਿਯਮ

- ਆਮਦਨ ਸਰਟੀਫਿਕੇਟ 'ਤੇ ਕੋਈ ਕਟਿੰਗ ਨਾ ਹੋਵੇ
- ਐਫਿਡੇਵਿਟ ਮਨਜ਼ੂਰ ਨਹੀਂ
- ਪਿਤਾ ਦੇ ਦੇਹਾਂਤ ਮਾਮਲੇ ਵਿੱਚ ਡੈਥ ਸਰਟੀਫਿਕੇਟ ਲਾਜ਼ਮੀ
- ਕੋਈ ਹੋਰ ਸਕਾਲਰਸ਼ਿਪ ਨਾ ਲੈ ਰਿਹਾ ਹੋਵੇ

#### ਹਾਰਡ ਕਾਪੀ ਫਾਈਲ (ਕਾਲਜ ਵਿੱਚ ਜਮ੍ਹਾਂ)

- ਫਾਈਲ ਕਵਰ (ਫੋਟੋ ਸਮੇਤ)
- ਆਨਲਾਈਨ ਫਾਰਮ (ਦਸਤਖਤ ਸਮੇਤ)
- ਫੀਸ ਰਸੀਦ
- ਸਵੈ-ਘੋਸ਼ਣਾ ਫਾਰਮ (ਆਮਦਨ/ਘੱਟਗਿਣਤੀ)
- ਆਧਾਰ ਕਾਰਡ
- ਰਿਹਾਇਸ਼ ਸਰਟੀਫਿਕੇਟ
- ਜਾਤੀ/ਦਿਵਿਆਂਗ ਸਰਟੀਫਿਕੇਟ (ਜੇ ਲਾਗੂ)

#### ਲਾਜ਼ਮੀ ਤਕਨੀਕੀ ਸ਼ਰਤਾਂ

- ਐਨਐਸਪੀ 'ਤੇ ਇੱਕ ਵਾਰ ਦੀ ਰਜਿਸਟਰੇਸ਼ਨ (ਓਟੀਆਰ) ਕਰ-ਵਾਉਣਾ ਲਾਜ਼ਮੀ ਹੈ।
- ਆਧਾਰ ਕਾਰਡ ਬੈਂਕ ਖਾਤੇ ਨਾਲ ਜੁੜਿਆ (ਸੀਡ ਕੀਤਾ ਹੋਇਆ) ਹੋਣਾ ਚਾਹੀਦਾ ਹੈ।
- ਬੈਂਕ ਖਾਤਾ ਸਿੱਧੀ ਲਾਭ ਅਦਾਇਗੀ ਪਰ੍ਣਾਲੀ (ਡੀਬੀਟੀ) ਲਈ ਐਨੇਬਲ ਹੋਣਾ ਲਾਜ਼ਮੀ ਹੈ।

#### ਮਹੱਤਵਪੂਰਨ ਸਾਵਧਾਨੀਆਂ

- ਗਲਤ ਜਾਣਕਾਰੀ ਦੇਣ 'ਤੇ ਸਕਾਲ-ਰਸ਼ਿਪ ਰੱਦ ਹੋ ਸਕਦੀ ਹੈ
- ਡਬਲ ਸਕਾਲਰਸ਼ਿਪ ਮਨਜ਼ੂਰ ਨਹੀਂ
- ਅਧੂਰੀ ਫਾਈਲ ਰੱਦ ਹੋਵੇਗੀ। ਸਮੇਂ ਤੋਂ ਬਾਅਦ ਅਪਲਾਈ ਨਹੀਂ ਹੋਵੇਗਾ

## 2025–26 ਵਿੱਚ ਸਕਾਲਰਸ਼ਿਪ ਲਾਭਪਾਤਰੀਆਂ ਦਾ ਵੇਰਵਾ


| | | |
|---|---|---|
| ਐਸ.ਸੀ. ਸਕਾਲਰਸ਼ਿਪ: | 304 ਵਿਦਿਆਰਥੀ | ਰਕਮ ₹46,65,012 |
| ਸੀ.ਐਮ. ਸਕਾਲਰਸ਼ਿਪ: | 248 ਵਿਦਿਆਰਥੀ | ਰਕਮ ₹2,29,102 ਦੀ ਛੂਟ |
| ਐਨ.ਜੀ.ਓ. ਸਕਾਲਰਸ਼ਿਪ: | 77 ਵਿਦਿਆਰਥੀ | ਰਕਮ ₹10,66,245 |
| ਟੀਚਰਜ਼ ਐਸੋਸੀਏਸ਼ਨ: | 18 ਵਿਦਿਆਰਥੀ | ਰਕਮ ₹45,000 |

# ਸਾਡੇ ਅਲੁਮਨੀ, ਸਾਡਾ ਮਾਣ



**ਕੁਲਜੀਤ ਸਿੰਘ ਰੰਧਾਵਾ**
ਡੇਰਾ ਬੱਸੀ ਹਲਕੇ ਤੋਂ ਵਿਧਾਇਕ

**ਸਰਕਾਰੀ ਕਾਲਜ, ਡੇਰਾ ਬੱਸੀ ਨਾਲ ਮੇਰਾ ਨਾਤਾ ਬਹੁਤ ਹੀ ਭਾਵਨਾਤਮਕ ਹੈ। ਮੈਂ ਸਿਰਫ਼ ਇੱਕ ਜਨ ਪ੍ਰਤਿਨਿਧੀ ਵਜੋਂ ਨਹੀਂ, ਸਗੋਂ ਇੱਕ ਵਿਦਿਆਰਥੀ ਵਜੋਂ ਵੀ ਇਸ ਨਾਲ ਜੁੜਿਆ ਹਾਂ। ਸੰਸਥਾ ਨੇ ਮੈਨੂੰ ਸਿੱਖਿਆ ਦੇ ਨਾਲ-ਨਾਲ ਜੀਵਨ ਮੁੱਲਾਂ, ਅਨੁਸ਼ਾਸਨ ਅਤੇ ਸਮਾਜ ਪ੍ਰਤੀ ਜ਼ਿੰਮੇਵਾਰੀ ਦੀ ਸਿਖਿਆ ਦਿੱਤੀ ਹੈ। ਮੈਨੂੰ ਮਾਣ ਹੈ ਕਿ ਮੈਂ ਇਸ ਕਾਲਜ ਦਾ ਵਿਦਿਆਰਥੀ ਰਿਹਾ ਹਾਂ ਅਤੇ ਇਸ ਅਦਾਰੇ ਦੀ ਤਰੱਕੀ ਨੂੰ ਦੇਖ ਕੇ ਹਮੇਸ਼ਾ ਹੀ ਖੁਸ਼ੀ ਮਹਿਸੂਸ ਕਰਦਾ ਹਾਂ।**




**ਮੋਹਨ ਲਾਲ**
ਸਾਬਕਾ ਡਿਪਟੀ ਜਨਰਲ ਮੈਨੇਜਰ, ਹੈਫੇਡ ਹਰਿਆਣਾ

---

**ਮੇਰੇ ਕਾਲਜ ਦਾ ਅਨੁਭਵ ਮੇਰੇ ਜੀਵਨ ਦੀ ਮਜ਼ਬੂਤ ਨੀਂਹ ਸਾਬਤ ਹੋਇਆ ਹੈ। ਇੱਥੋਂ ਦੇ ਅਧਿਆਪਕਾਂ ਨੇ ਸਿਰਫ਼ ਵਿਦਿਆ ਹੀ ਨਹੀਂ ਦਿੱਤੀ, ਸਗੋਂ ਮੇਰੀ ਸੋਚ, ਆਤਮਵਿਸ਼ਵਾਸ ਅਤੇ ਟੀਚਿਆਂ ਨੂੰ ਵੀ ਨਵੀਂ ਦਿਸ਼ਾ ਦਿੱਤੀ। ਵਿਸ਼ੇਸ਼ ਤੌਰ 'ਤੇ ਪਬਲਿਕ ਐਡਮਿਨਿਸਟ੍ਰੇਸ਼ਨ ਦੇ ਡਾ. ਗੁਰਜੰਟ ਸਿੰਘ ਅਤੇ ਅਰਥਸ਼ਾਸਤਰ ਦੇ ਡਾ. ਗੁਰਪ੍ਰੀਤ ਕੌਰ ਦਾ ਯੋਗਦਾਨ ਅਣਮੁਲਾ ਹੈ। ਕਾਲਜ ਦਾ ਉਤਸ਼ਾਹਭਰਿਆ ਅਤੇ ਪ੍ਰੇਰਕ ਮਾਹੌਲ ਸਿੱਖਣ ਲਈ ਸ਼ਾਨਦਾਰ ਮੰਚ ਰਿਹਾ।**




**ਰਿਤਿਕਾ ਨਰੂਲਾ,** ਆਈ ਈ ਐਸ,
ਲਾਲ ਬਹਾਦੁਰ ਸ਼ਾਸਤਰੀ ਰਾਸ਼ਟਰੀ ਪ੍ਰਸ਼ਾਸਕੀ ਅਕੈਡਮੀ, ਮਸੂਰੀ



**ਸੁਭਾਸ਼ ਚੰਦਰ**
ਸਹਾਇਕ ਪ੍ਰੋਫੈਸਰ, ਸਰਕਾਰੀ ਕਾਲਜ ਲੜਕੀਆਂ, ਪਟਿਆਲਾ

---



**ਪ੍ਰੋ. (ਡਾ.) ਜਗਦੀਸ਼ ਕੁਮਾਰ ਸਹਿਗਲ**
ਸਾਬਕਾ ਪ੍ਰਿੰਸੀਪਲ, ਪੀ ਜੀ ਸਰਕਾਰੀ ਕਾਲਜ, ਸੈਕਟਰ 11, ਚੰਡੀਗੜ੍ਹ

**ਮੈਨੂੰ ਆਪਣੇ ਵਿਦਿਆਰਥੀ ਜੀਵਨ ਦੌਰਾਨ ਇੱਕ ਸੁਹਾਵਣੇ ਅਤੇ ਪ੍ਰੇਰਣਾਦਾਇਕ ਮਾਹੌਲ ਵਿੱਚ ਪੜ੍ਹਨ ਦਾ ਸੁਭਾਗ ਪ੍ਰਾਪਤ ਹੋਇਆ। ਸਮਰਪਿਤ ਅਧਿਆਪਕਾਂ ਦੀ ਰਹਿਨੁਮਾਈ ਅਤੇ ਉੱਚ ਗੁਣਵੱਤਾ ਵਾਲੀ ਸਿੱਖਿਆ ਨੇ ਮੇਰੀ ਸ਼ਖਸੀਅਤ ਅਤੇ ਕਰੀਅਰ ਦੀ ਮਜ਼ਬੂਤ ਨੀਂਹ ਰੱਖੀ। ਕਾਲਜ ਵਿੱਚ ਬਿਤਾਏ ਉਹ ਦਿਨ ਅੱਜ ਵੀ ਮੇਰੇ ਲਈ ਸੁਨਹਿਰੀਆਂ ਯਾਦਾਂ ਹਨ। ਸਾਡੇ ਸਹਿਪਾਠੀ ਅੱਜ ਵੀ ਆਪਸ ਵਿੱਚ ਜੁੜੇ ਹੋਏ ਹਨ ਅਤੇ ਮਿਲਣੀਆਂ ਰਾਹੀਂ ਉਹ ਸੁਹਾਣੇ ਪਲ ਤਾਜ਼ਾ ਕਰਦੇ ਹਨ।**



**ਮੋਨਿਕਾ**
ਸਹਾਇਕ ਪ੍ਰੋਫੈਸਰ, ਸ੍ਰੀ ਸੁਖਮਨੀ ਗਰੁੱਪ, ਡੇਰਾਬੱਸੀ

## ਸਾਡੇ ਸਾਬਕਾ ਵਿਦਿਆਰਥੀ ਕਾਲਜ ਦੀ ਵਿਰਾਸਤ ਹਨ। ਵੱਖ-ਵੱਖ ਖੇਤਰਾਂ ਵਿੱਚ ਉਨ੍ਹਾਂ ਦੀਆਂ ਉਪਲਬਧੀਆਂ ਸਮਾਜ ਲਈ ਪ੍ਰੇਰਣਾ ਸਰੋਤ ਹਨ।



**ਨਿਸ਼ੂ ਬਾਂਸਲ**
ਵਾਈਸ ਪ੍ਰਿੰਸੀਪਲ, ਐਮ ਡੀ ਐਸ ਡੀ ਕਾਲਜ,
ਅੰਬਾਲਾ



**ਡਾ. ਲਤਾ ਖੇੜਾ**
ਸਹਾਇਕ ਪ੍ਰੋਫੈਸਰ, ਕੁਰੁਕਸ਼ੇਤਰ ਯੂਨਿਵਰਸਿਟੀ,
ਕੁਰੁਕਸ਼ੇਤਰ



**ਰੋਹਿਤ**
ਪੀ.ਐਚ.ਡੀ. (ਐੱਸ.ਆਰ.ਐੱਫ.) ਸਕੋਲਰ
ਪੰਜਾਬ ਯੂਨਿਵਰਸਿਟੀ, ਚੰਡੀਗੜ੍ਹ



**ਡਾ. ਅਨੂਪਾ ਰਾਣੀ**
ਸਹਾਇਕ ਪ੍ਰੋਫੈਸਰ, ਆਯੁਰਵੇਦਿਕ ਕਾਲਜ,
ਸੁੰਦਰਪੁਰ (ਉੱਤਰ ਪ੍ਰਦੇਸ਼)



**ਸੰਜੇ ਕੁਮਾਰ**
ਅਕਾਉਂਟੈਂਟ, ਲੋਕਲ ਗਵਰਨਮੇਂਟ, ਪੰਜਾਬ,
ਨੰਗਲ



**ਗੁਰਿੰਦਰ ਸਿੰਘ**
ਮੈਨੇਜਰ, ਵਿਦਿਆਰਥੀ ਆਉਟਰੀਚ,
ਚਿਤਕਾਰਾ ਯੂਨਿਵਰਸਿਟੀ



**ਗੌਰਵ ਗੁਪਤਾ**
ਉੱਦਮੀ (ਵੀ.ਸੀ.ਸੀ. ਇੰਸਟੀਚਿਊਟ)
ਡੇਰਾ ਬੱਸੀ



**ਪਾਇਲ**
ਕਾਨੂੰਨੀ ਸਹਾਇਕ, ਜਲ ਸਰੋਤ ਵਿਭਾਗ,
ਚੰਡੀਗੜ੍ਹ



**ਮਨਜੋਤ ਕੌਰ**
ਸੋਸ਼ਲ ਵਰਕ ਕੋਆਰਡੀਨੇਟਰ,
ਐਨ ਜੀ ਓ ਸੰਜੀਵਨੀ, ਚੰਡੀਗੜ੍ਹ

## ਸਰਕਾਰੀ ਕਾਲਜ ਡੇਰਾ ਬੱਸੀ ਨਵੀਆਂ ਪ੍ਰਤਿਭਾਵਾਂ ਨੂੰ ਸਦਾ ਪ੍ਰੇਰਿਤ ਕਰਦਾ ਰਿਹਾ ਹੈ। ਏਥੋਂ ਪੜ੍ਹ ਕੇ ਗਏ ਕਈ ਵਿਦਿਆਰਥੀਆਂ ਨੇ ਰੰਗਮੰਚ, ਅਦਾਕਾਰੀ, ਸੰਗੀਤ ਅਤੇ ਨਿਰਦੇਸ਼ਨ ਦੇ ਖੇਤਰਾਂ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਈ ਹੈ।



**ਗਗਨਪ੍ਰੀਤ ਸਿੰਘ**
ਗਾਇਕ, ਵੋਇਸ ਆਫ਼ ਪੰਜਾਬ



**ਬ੍ਰਿਜ ਮੋਹਨ**
ਫਾਈਨੈਲਿਸਟ 'ਵੋਇਸ ਆਫ਼ ਪੰਜਾਬ



**ਪ੍ਰਿਯੰਕਾ ਰਾਜਪੂਤ**
ਅਦਾਕਾਰਾ



**ਇੰਦਰ ਜੀਤ**
ਅਦਾਕਾਰ, ਲੇਖਕ, ਨਿਰਦੇਸ਼ਕ



**ਭਗਵਾਨ ਸਿੰਘ**
ਅਦਾਕਾਰ, ਲੇਖਕ, ਨਿਰਦੇਸ਼ਕ



**ਰਾਹੁਲ ਰਾਜਪੂਤ**
ਅਦਾਕਾਰ ਅਤੇ ਨਿਰਦੇਸ਼ਕ



**ਸੋਨੂੰ ਬਰੋਕਾ**
ਅਦਾਕਾਰ, ਕਾਸਟਿੰਗ ਮੈਨੇਜਰ



**ਸ਼ੁਭਮ ਮਹਿਰਾ**
ਗਾਇਕ ਅਤੇ ਸੰਗੀਤ ਪ੍ਰੋਡਿਊਸਰ

# ਸੱਭਿਆਚਾਰਕ ਗਤੀਵਿਧੀਆਂ

ਕਾਲਜ ਵਿੱਚ ਸੰਗੀਤਕ ਕਲਾਵਾਂ, ਕੋਮਲ ਕਲਾਵਾਂ, ਲੋਕ ਕਲਾਵਾਂ, ਸਾਹਿਤਕ ਕਲਾਵਾਂ ਅਤੇ ਰੰਗਮੰਚੀ ਕਲਾਵਾਂ ਵਿਚ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਭਾਗੀਦਾਰੀ ਵੱਲ ਖਾਸ ਧਿਆਨ ਦਿੱਤਾ ਜਾਂਦਾ ਹੈ ਅਤੇ ਵਿਦਿਆਰਥੀਆਂ ਨੂੰ ਇਹਨਾਂ ਕਲਾਵਾਂ ਨਾਲ ਸਬੰਧਿਤ ਗਤੀਵਿਧੀਆਂ ਤੇ ਮੁਕਾਬਲਿਆਂ ਵਿਚ ਭਾਗ ਲੈਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ।



ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਅਤੇ ਅੰਤਰ-ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਮਾਈਮ ਵਿੱਚ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਸਾਡੀ ਟੀਮ।

## ਉਦੇਸ਼:

- ਵਿਦਿਆਰਥੀਆਂ ਦੀ ਸਖਸ਼ੀਅਤ ਦਾ ਸਰਵਪੱਖੀ ਵਿਕਾਸ ਕਰਨਾ।
- ਵਿਦਿਆਰਥੀਆਂ ਦੀ ਲੁਕੀ ਹੋਈ ਸਿਰਜਣਾਤਮਕ ਪ੍ਰਤਿਭਾ ਨੂੰ ਖੋਜਣਾ, ਉਭਾਰਨਾ ਤੇ ਨਿਖਾਰਨਾ।
- ਮੰਚ ਉੱਪਰ ਕਲਾ ਪ੍ਰਦਰਸ਼ਨ ਅਤੇ ਕਲਾ ਮੁਕਾਬਲਿਆਂ ਰਾਹੀਂ ਵਿਦਿਆਰਥੀਆਂ ਵਿਚ ਆਤਮ-ਵਿਸ਼ਵਾਸ ਪੈਦਾ ਕਰਨਾ।
- ਵਿਦਿਆਰਥੀਆਂ ਨੂੰ ਪੰਜਾਬ ਦੀ ਸੱਭਿਆਚਾਰਕ ਵਿਰਾਸਤ ਅਤੇ ਰਿਵਾਇਤਾਂ ਨਾਲ ਜੋੜਨਾ।
- ਵਿਦਿਆਰਥੀਆਂ ਨੂੰ ਕਲਾ ਰਾਹੀਂ ਸਮਾਜਿਕ ਸਮੱਸਿਆਵਾਂ ਪ੍ਰਤੀ ਜਾਗਰੂਕ ਕਰਨਾ।
- ਕਲਾ ਦੇ ਖੇਤਰ ਵਿਚ ਪੇਸ਼ੇਵਰ ਬਣਨ ਦੇ ਇਛੁੱਕ ਵਿਦਿਆਰਥੀਆਂ ਨੂੰ ਉਚਿਤ ਸਿਖਲਾਈ ਪ੍ਰਦਾਨ ਕਰਨਾ।
- ਵਿਦਿਆਰਥੀਆਂ ਵਿੱਚ ਟੀਮ ਵਰਕ ਅਤੇ ਸਾਂਝੇ ਉੱਦਮ ਦੀ ਭਾਵਨਾ ਨੂੰ ਮਜ਼ਬੂਤ ਕਰਨਾ ਅਤੇ ਆਪਣੀ ਪ੍ਰਤਿਭਾ ਦਰਸਾਉਣ ਲਈ ਮੌਕੇ ਪ੍ਰਦਾਨ ਕਰਨਾ।



## ਪ੍ਰਮੁੱਖ ਗਤੀਵਿਧੀਆਂ

### ਪ੍ਰਤਿਭਾ ਖੋਜ ਮੁਕਾਬਲਾ

ਹਰ ਸਾਲ ਕਰਵਾਏ ਜਾਂਦੇ ਇਸ ਮੁਕਾਬਲੇ ਰਾਹੀਂ ਵਿਦਿਆਰਥੀਆਂ ਦੀ ਯੁਵਕ ਅਤੇ ਲੋਕ ਮੇਲੇ ਲਈ ਚੋਣ ਕੀਤੀ ਜਾਂਦੀ ਹੈ।

### ਖੇਤਰੀ ਯੁਵਕ ਅਤੇ ਲੋਕ ਮੇਲਾ

ਯੂਨੀਵਰਸਿਟੀ ਵੱਲੋਂ ਕਰਵਾਏ ਜਾਂਦੇ ਮੇਲੇ ਵਿਚ ਵਿਦਿਆਰਥੀ ਵਿਭਿੰਨ ਕਲਾਤਮਕ ਵੰਨਗੀਆਂ ਵਿੱਚ ਕਾਲਜ ਦੀ ਪ੍ਰਤੀਨਿਧਤਾ ਕਰਦੇ ਹਨ।

### ਅੰਤਰ ਖੇਤਰੀ ਯੁਵਕ ਤੇ ਲੋਕ ਮੇਲਾ

ਖ਼ੇਤਰੀ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀ ਯੂਨੀਵਰਸਿਟੀ ਪੱਧਰ ਉੱਪਰ ਕਾਲਜ ਦੀ ਪ੍ਰਤੀਨਿਧਤਾ ਕਰਦੇ

ਹਨ ਅਤੇ ਆਪਣੀ ਪ੍ਰਤਿਭਾ ਨੂੰ ਵੱਡੇ ਮੰਚਾਂ ਉੱਤੇ ਪ੍ਰਦਰਸ਼ਿਤ ਕਰਨ ਦਾ ਮੌਕਾ ਪ੍ਰਾਪਤ ਕਰਦੇ ਹਨ।

### ਅੰਤਰ ਕਾਲਜੀ ਮੁਕਾਬਲੇ

ਵੱਖ ਵੱਖ ਅੰਤਰ ਕਾਲਜੀ ਕਲਾਤਮਕ ਮੁਕਾਬਲਿਆਂ ਵਿੱਚ ਵਿਦਿਆਰਥੀਆਂ ਨੂੰ ਭਾਗ ਲੈਣ ਲਈ ਭੇਜਿਆ ਜਾਂਦਾ ਹੈ।

### ਕਾਲਜ ਪੱਧਰੀ ਪ੍ਰੋਗਰਾਮ/ਮੁਕਾਬਲੇ

ਵੱਖ ਵੱਖ ਵਿਭਾਗਾਂ ਅਤੇ ਕਲੱਬਾਂ ਵੱਲੋਂ ਸਮਾਜਕ ਜਾਗਰੂਕਤਾ ਲਈ ਕਰਵਾਏ ਜਾਂਦੇ ਪ੍ਰੋਗਰਾਮਾਂ/ਮੁਕਾਬਲਿਆਂ ਵਿਚ ਵਿਦਿਆਰਥੀਆਂ ਵਲੋਂ ਕਲਾਤਮਕ ਪੇਸ਼ਕਾਰੀਆਂ ਦਿੱਤੀਆਂ ਜਾਂਦੀਆਂ ਹਨ।

### ਵਿਰਾਸਤੀ ਤਿਉਹਾਰ

ਵਿਦਿਆਰਥੀਆਂ ਨੂੰ ਪੰਜਾਬ ਦੀਆਂ ਰਿਵਾਇਤਾਂ ਨਾਲ ਜੋੜੀ ਰੱਖਣ ਲਈ ਕਾਲਜ ਵਿਚ ਤੀਜ ਦਾ ਤਿਉਹਾਰ, ਲੋਹੜੀ ਅਤੇ ਬੰਸਤ ਦਾ ਤਿਉਹਾਰ ਆਦਿ ਬੜੇ ਉਤਸ਼ਾਹ ਅਤੇ ਚਾਅ ਨਾਲ ਮਨਾਏ ਜਾਂਦੇ ਹਨ।



ਵਿਦਿਆਰਥੀਆਂ ਨੂੰ ਰਿਵਾਇਤਾਂ ਨਾਲ ਜੋੜੀ ਰੱਖਣ ਲਈ ਤਿਓਹਾਰ ਮਨਾਏ ਜਾਂਦੇ ਹਨ।

## ਬੀਤੇ ਵਰ੍ਹੇ ਦੀਆਂ ਪ੍ਰਾਪਤੀਆ

- ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਮਾਈਮ ਅਤੇ ਲਘੂ ਫਿਲਮ ਵਿੱਚ ਪਹਿਲਾ ਸਥਾਨ, ਗੁੱਡੀਆਂ ਪਟੋਲੇ ਵਿੱਚ ਦੂਜਾ ਸਥਾਨ ਅਤੇ ਨੁੱਕੜ ਨਾਟਕ, ਕਾਰਟੂਨਿੰਗ ਤੇ ਪੀੜ੍ਹੀ ਬੁਣਨਾ ਵਿੱਚ ਤੀਜਾ ਸਥਾਨ ਹਾਸਲ ਕੀਤਾ।
- ਅੰਤਰ ਖੇਤਰੀ ਯੁਵਕ ਅਤੇ ਲੋਕ ਮੇਲੇ ਵਿੱਚ ਕਾਲਜ ਦੀ ਮਾਈਮ ਟੀਮ ਨੇ ਯੂਨੀਵਰਸਿਟੀ ਪੱਧਰ ਉੱਪਰ ਪਹਿਲਾ ਸਥਾਨ ਹਾਸਲ ਕੀਤਾ ਅਰੇ ਪੰਜਾਬ ਰਾਜ ਯੁਵਕ ਮੇਲੇ ਵਿੱਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੀ ਪ੍ਰਤੀਨਿਧਤਾ ਕਰਦਿਆਂ ਪਹਿਲਾ ਸਥਾਨ ਹਾਸਲ ਕੀਤਾ।
- ਯੁਵਕ ਸੇਵਾਵਾਂ ਵਿਭਾਗ, ਪੰਜਾਬ ਵੱਲੋਂ ਕਰਵਾਏ ਗਏ ਜ਼ਿਲ੍ਹਾ ਪੱਧਰੀ ਡਰਾਮਾ ਮੁਕਾਬਲੇ ਵਿਚ ਕਾਲਜ ਦੀ ਨਾਟਕ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।
- ਮੋਹਾਲੀ ਕਾਰਨੀਵਲ 2026 ਵਿਚ ਕਾਲਜ ਦੇ ਵਿਦਿਆਰਥੀਆਂ ਨੇ ਗੀਤ/ਗ਼ਜ਼ਲ, ਮੋਨੋ ਐਕਟਿੰਗ, ਸਕਿੱਟ, ਛਿੱਕੂ ਬਣਾਉਣਾ, ਸਟੈਂਡ ਅਪ ਕਮੇਡੀ, ਮਿਮਿਕਰੀ, ਕਵਿਤਾ ਉਚਾਰਣ ਆਦਿ ਦੀਆਂ ਪੇਸ਼ਕਾਰੀਆਂ ਦਿੱਤੀਆਂ।




ਮੋਹਾਲੀ ਕਾਰਨੀਵਲ 2026 ਵਿਚ ਕਾਲਜ ਦੇ ਵਿਦਿਆਰਥੀਆਂ ਨੇ ਪੇਸ਼ਕਾਰੀਆਂ ਦਿੱਤੀਆਂ।

# ਰਾਸ਼ਟਰੀ ਕੈਡਿਟ ਕੋਰ (ਐੱਨ.ਸੀ.ਸੀ.)

ਕਾਲਜ ਵਿੱਚ ਸੈਸ਼ਨ 2025–26 ਦੌਰਾਨ ਐੱਨ.ਸੀ.ਸੀ. ਯੂਨਿਟ ਦੀ ਸਫਲ ਸ਼ੁਰੂਆਤ ਕੀਤੀ ਗਈ ਹੈ। ਇਹ ਯੂਨਿਟ 26 ਪੰਜਾਬ ਬਟਾਲੀਅਨ ਐੱਨ.ਸੀ.ਸੀ. ਦੇ ਅਧੀਨ ਕੰਮ ਕਰ ਰਹੀ ਹੈ। ਇਕ ਕੰਪਨੀ ਵਿੱਚ ਕੁੱਲ 160 ਕੈਡਿਟਾਂ ਦੀ ਮਨਜ਼ੂਰੀ ਹੈ, ਜਿਸ ਵਿੱਚ ਹਰ ਨਵੇਂ ਸੈਸ਼ਨ ਦੌਰਾਨ ਲੱਗਭੱਗ 54 ਨਵੇਂ ਕੈਡਿਟ ਭਰਤੀ ਕੀਤੇ ਜਾਣਗੇ। ਚਾਲੂ ਸੈਸ਼ਨ ਵਿੱਚ ਪਹਿਲੇ ਬੈਚ ਦੀ ਭਰਤੀ ਸਫਲਤਾ ਪੂਰਵਕ ਕੀਤੀ ਗਈ, ਜਿਸ ਨਾਲ ਵਿਦਿਆਰਥੀਆਂ ਦੀ ਸ਼ਖਸੀਅਤ ਦੇ ਵਿਕਾਸ ਵੱਲ ਮਹੱਤਵਪੂਰਨ ਕਦਮ ਚੁੱਕਿਆ ਗਿਆ ਹੈ।

### ਉਦੇਸ਼

- ਵਿਦਿਆਰਥੀਆਂ ਵਿੱਚ ਏਕਤਾ ਅਤੇ ਅਨੁਸ਼ਾਸਨ ਦੇ ਗੁਣ ਵਿਕਸਿਤ ਕਰਨਾ।
- ਦੇਸ਼ਭਗਤੀ ਅਤੇ ਰਾਸ਼ਟਰੀ ਏਕਤਾ ਦੀ ਭਾਵਨਾ ਪੈਦਾ ਕਰਕੇ ਜ਼ਿੰਮੇਵਾਰ ਨਾਗਰਿਕ ਬਣਾਉਣਾ।
- ਨੌਜਵਾਨਾਂ ਨੂੰ ਸੈਨਾ ਵਿਚ ਭਰਤੀ ਲਈ ਤਿਆਰ ਕਰਨਾ।
- ਸੇਵਾ ਭਾਵਨਾ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਗੁਣ ਪੈਦਾ ਕਰਨਾ।
- ਆਫ਼ਤਾਂ ਜਾਂ ਐਮਰਜੈਂਸੀ ਸਮੇਂ ਸਹਾਇਤਾ ਲਈ ਤਿਆਰ ਕਰਨਾ।
- ਵਿਦਿਆਰਥੀ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਨੂੰ ਸਹੀ ਦਿਸ਼ਾ ਦੇਣਾ।

### ਕੈਡਿਟ ਲਈ ਲਾਭ

- ਸਰਕਾਰੀ ਨੌਕਰੀਆਂ ਅਤੇ ਸੈਨਾ ਵਿੱਚ ਨੌਕਰੀ ਦੇ ਵਧੀਆ ਮੌਕੇ।
- ਜਿਹੜੇ ਕੈਡਿਟ 'ਸੀ' ਸਰਟੀਫਿਕੇਟ ਦਾ ਇਮਤਿਹਾਨ ਬੀ ਗਰੇਡ ਵਿਚ ਪਾਸ ਕਰਦੇ ਹਨ, ਉਹਨਾਂ ਦੀ ਸੈਨਾ ਵਿਚ ਸੈਕਿੰਡ ਲੈਫਟੀਨੈਂਟ ਵੱਜੋਂ ਚੋਣ ਸਿਰਫ ਇੰਟਰਵਿਊ ਦੇ ਆਧਾਰ ਤੇ ਹੀ ਹੁੰਦੀ ਹੈ। ਇਸ ਅਹੁਦੇ

**ਸਰਕਾਰੀ ਕਾਲਜ ਡੇਰਾ ਬੱਸੀ ਦਾ ਐੱਨ. ਸੀ.ਸੀ. ਯੂਨਿਟ ਵਿਦਿਆਰਥੀਆਂ ਵਿੱਚ ਸਿੱਖਿਆ, ਅਨੁਸ਼ਾਸਨ, ਦੇਸ਼ਭਗਤੀ ਅਤੇ ਲੀਡਰਸ਼ਿਪ ਦੇ ਗੁਣ ਵਿਕਸਿਤ ਕਰਕੇ ਉਨ੍ਹਾਂ ਦੇ ਉਜਲੇ ਭਵਿੱਖ ਦੀ ਮਜ਼ਬੂਤ ਬੁਨਿਆਦ ਰੱਖਦਾ ਹੈ।**



**ਤਾਨਿਸ਼ਾ ਕੁਮਾਰੀ**

ਲਈ ਉਹਨਾਂ ਨੂੰ ਲਿਖਤੀ ਪ੍ਰੀਖਿਆ ਨਹੀਂ ਦੇਣੀ ਪੈਂਦੀ।

- ਅਗਵਾਈ ਅਤੇ ਟੀਮ ਵਰਕ ਦੀ ਕਾਬਲੀਅਤ ਵਿੱਚ ਵਿਕਾਸ।
- ਆਤਮ-ਵਿਸ਼ਵਾਸ ਅਤੇ ਅਨੁਸ਼ਾਸਨ ਵਿੱਚ ਵਾਧਾ।

### ਕੈਂਪਾਂ ਲਈ ਚੁਣੇ ਗਏ ਕੈਡਿਟ

**ਆਲ ਇੰਡੀਆ ਟਰੈਕਿੰਗ ਕੈਂਪ (ਲੜਕੀਆਂ)**

ਮਨਾਲੀ, ਹਿਮਾਚਲ ਪ੍ਰਦੇਸ਼

- ਕੈਡਿਟ ਸਨੇਹਾ ਝਾਅ
- ਕੈਡਿਟ ਤਾਨਿਸ਼ਾ ਕੁਮਾਰੀ
- ਕੈਡਿਟ ਮਾਨਸੀ

**ਸਪੈਸ਼ਲ ਐਡਵੈਂਚਰ ਕੈਂਪ**

ਪਹਿਲਗਾਮ, ਜੰਮੂ ਅਤੇ ਕਸ਼ਮੀਰ

- ਕੈਡਿਟ ਪਰਵਦੀਪ ਸਿੰਘ



**ਸਨੇਹਾ ਝਾਅ**



**ਮਾਨਸੀ**



ਵਿਜੇ ਕੁਮਾਰ



ਪਰਵਦੀਪ ਸਿੰਘ

**ਆਲ ਇੰਡੀਆ ਟਰੈਕਿੰਗ ਕੈਂਪ (ਲੜਕੇ)**

ਅਲਮੋਰਾ, ਉੱਤਰਾਖੰਡ

- ਕੈਡਿਟ ਵਿਜੇ ਕੁਮਾਰ

## ਗਤੀਵਿਧੀਆਂ

## (ਸੈਸ਼ਨ 2025–26)

### ਐੱਨ.ਸੀ.ਸੀ. ਵਿੱਚ ਦਾਖਲਾ ਪ੍ਰਕਿਰਿਆ (ਇਨਰੋਲਮੈਂਟ)

ਕਾਲਜ ਵਿੱਚ ਪਹਿਲੇ ਬੈਚ ਲਈ 14 ਅਕਤੂਬਰ 2025 ਨੂੰ ਸਰੀਰਕ ਤੰਦਰੁਸਤੀ ਦੀ ਪਰਖ (ਦੌੜ) ਅਤੇ ਇੰਟਰਵਿਊ ਰਾਹੀਂ ਕੁੱਲ 54 ਕੈਡਿਟਾਂ ਦੀ ਚੋਣ ਕੀਤੀ ਗਈ।

### ਐੱਨ.ਸੀ.ਸੀ. ਦਿਵਸ

23 ਨਵੰਬਰ 2025 ਨੂੰ ਐੱਨ.ਸੀ.ਸੀ. ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਨੇ ਪੋਸਟਰ ਤਿਆਰ ਕਰਕੇ ਰਾਸ਼ਟਰੀ ਇਕਜੁੱਟਤਾ, ਸੁਰੱਖਿਆ, ਐੱਨ.ਸੀ.ਸੀ. ਦੀ ਮਹੱਤਤਾ ਅਤੇ ਚੰਗੇ ਨਾਗਰਿਕ ਦੇ ਗੁਣਾਂ ਬਾਰੇ ਸੁਨੇਹੇ ਦਿੱਤੇ। ਇਸਦੇ ਨਾਲ ਹੀ ਪੌਦੇ ਲਗਾ ਕੇ ਵਾਤਾਵਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਦਰਸਾਈ।



ਐੱਨ.ਸੀ.ਸੀ. ਦੇ ਪਹਿਲੇ ਬੈਚ ਲਈ ਕੈਡਿਟਾਂ ਦੀ ਚੋਣ।

### ਸਾਬਕਾ ਹਥਿਆਰਬੰਦ ਸੈਨਾ ਦਿਵਸ

14 ਜਨਵਰੀ 2026 ਨੂੰ ਇਹ ਦਿਵਸ ਮਨਾਇਆ ਗਿਆ। ਕੈਡਿਟਾਂ ਨੇ ਸਾਬਕਾ ਸੈਨਿਕਾਂ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਯਾਦ ਕੀਤਾ। ਇਸ ਮੌਕੇ ਉਨ੍ਹਾਂ ਨੂੰ ਪ੍ਰੇਰਿਤ ਕਰਨ ਲਈ ਲੈਕਚਰ ਅਤੇ ਕੁਇਜ਼ ਮੁਕਾਬਲੇ ਕਰਵਾਏ ਗਏ।



ਸਾਬਕਾ ਹਥਿਆਰਬੰਦ ਸੈਨਾ ਦਿਵਸ ਦੇ ਮੌਕੇ ਇੱਕ ਮੁਕਾਬਲੇ ਵਿੱਚ ਭਾਗ ਲੈਂਦੇ ਵਿਦਿਆਰਥੀ।

# ਰਾਸ਼ਟਰੀ ਸੇਵਾ ਯੋਜਨਾ (ਐਨ.ਐਸ.ਐਸ.)

ਇਹ ਯੋਜਨਾ ਭਾਰਤ ਸਰਕਾਰ ਵੱਲੋਂ 1969 ਵਿੱਚ ਸ਼ੁਰੂ ਕੀਤੀ ਗਈ ਸੀ। ਇਸ ਤਹਿਤ ਲੋਕ ਭਲਾਈ ਮੁਹਿੰਮਾਂ, ਵਾਤਾਵਰਣ ਸੁਰੱਖਿਆ, ਖੂਨ ਦਾਨ ਕੈਂਪਾਂ ਅਤੇ ਯੂਥ ਕਨਵੈਂਸ਼ਨਾਂ ਵਰਗੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ, ਜਿਨ੍ਹਾਂ ਰਾਹੀਂ ਵਲੰਟੀਅਰਾਂ ਵਿੱਚ ਸਮਾਜਕ ਜ਼ਿੰਮੇਵਾਰੀ ਅਤੇ ਸੇਵਾ ਭਾਵਨਾ ਦਾ ਵਿਕਾਸ ਕੀਤਾ ਜਾਂਦਾ ਹੈ। ਕਾਲਜ ਵਿੱਚ ਐੱਨ.ਐੱਸ.ਐੱਸ. ਦੇ ਤਹਿਤ ਦੋ ਯੂਨਿਟਾਂ (ਲੜਕੇ ਅਤੇ ਲੜਕੀਆਂ) ਚੱਲ ਰਹੀਆਂ ਹਨ। ਦੋਹਾਂ ਯੂਨਿਟਾਂ ਵਿੱਚ ਵਲੰਟੀਅਰਾਂ ਦੀ ਕੁੱਲ ਗਿਣਤੀ 200 ਹੈ (ਹਰ ਯੂਨਿਟ ਵਿੱਚ 100 ਵਲੰਟੀਅਰ)।

### ਉਦੇਸ਼

- ਵਿਦਿਆਰਥੀਆਂ ਵਿੱਚ ਸਮਾਜਿਕ ਸੇਵਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਪੈਦਾ ਕਰਨਾ।
- ਨੌਜਵਾਨਾਂ ਨੂੰ ਸਮਾਜ ਅਤੇ ਦੇਸ਼ ਦੀ ਭਲਾਈ ਲਈ ਸੇਵਾ ਕਾਰਜਾਂ ਨਾਲ ਜੋੜਨਾ।
- ਰਾਸ਼ਟਰੀ ਏਕਤਾ, ਭਾਈਚਾਰੇ ਅਤੇ ਮਨੁੱਖਤਾ ਦੇ ਗੁਣ ਵਿਕਸਿਤ ਕਰਨਾ।
- ਸਫ਼ਾਈ, ਸਿਹਤ ਜਾਗਰੂਕਤਾ ਅਤੇ ਵਾਤਾਵਰਣ ਸੁਰੱਖਿਆ ਪ੍ਰਤੀ ਚੇਤਨਾ ਪੈਦਾ ਕਰਨਾ।
- ਆਫ਼ਤਾਂ ਅਤੇ ਐਮਰਜੈਂਸੀ ਸਮੇਂ ਸਮਾਜ ਦੀ ਸਹਾਇਤਾ ਲਈ ਤਿਆਰ ਕਰਨਾ।
- ਵਿਦਿਆਰਥੀਆਂ ਦੇ ਵਿਅਕਤੀਗਤ, ਸਮਾਜਿਕ ਅਤੇ ਨੈਤਿਕ ਵਿਕਾਸ ਨੂੰ ਉਤਸ਼ਾਹਿਤ ਕਰਨਾ।

### ਵਾਲੰਟੀਅਰ ਲਈ ਲਾਭ

- ਸਮਾਜਿਕ ਸੇਵਾ ਅਤੇ ਅਗਵਾਈ ਦੇ ਗੁਣਾਂ ਵਿੱਚ ਵਿਕਾਸ।
- ਟੀਮ ਵਰਕ, ਸੰਚਾਰ ਅਤੇ ਇੰਤਜ਼ਾਮ ਦੀ ਕਾਬਲੀਅਤ ਵਿੱਚ ਵਾਧਾ।

**ਸਰਕਾਰੀ ਕਾਲਜ ਡੇਰਾ ਬੱਸੀ ਦਾ ਐੱਨ.ਐੱਸ.ਐੱਸ. ਯੂਨਿਟ ਵਿਦਿਆਰਥੀਆਂ ਵਿੱਚ ਸਮਾਜਿਕ ਸੇਵਾ, ਅਨੁਸ਼ਾਸਨ, ਰਾਸ਼ਟਰੀ ਏਕਤਾ ਅਤੇ ਅਗਵਾਈ ਦੇ ਗੁਣ ਵਿਕਸਿਤ ਕਰਕੇ ਉਨ੍ਹਾਂ ਦੇ ਉਜਲੇ ਭਵਿੱਖ ਦੀ ਮਜ਼ਬੂਤ ਬੁਨਿਆਦ ਰੱਖਦਾ ਹੈ।**

- ਆਤਮ-ਵਿਸ਼ਵਾਸ ਅਤੇ ਜ਼ਿੰਮੇਵਾਰੀ ਦੀ ਭਾਵਨਾ ਮਜ਼ਬੂਤ ਹੋਣਾ।
- ਕੈਂਪਾਂ, ਜਾਗਰੂਕਤਾ ਮੁਹਿੰਮਾਂ ਅਤੇ ਸਮਾਜਿਕ ਗਤੀਵਿਧੀਆਂ ਦਾ ਵਿਲੱਖਣ ਅਨੁਭਵ।
- ਵਿਅਕਤੀਗਤ ਵਿਕਾਸ ਅਤੇ ਚਰਿੱਤਰ ਨਿਰਮਾਣ ਲਈ ਮਜ਼ਬੂਤ ਮੰਚ।
- ਦੇਸ਼ ਅਤੇ ਸਮਾਜ ਦੀ ਸੇਵਾ ਕਰਨ ਦੀ ਭਾਵਨਾ ਵਿੱਚ ਵਾਧਾ।

### ਕੈਂਪਾਂ ਲਈ ਚੁਣੇ ਗਏ ਵਾਲੰਟੀਅਰ

**ਆਜ਼ਾਦੀ ਦਿਵਸ ਸਮਾਰੋਹ 2025**
**ਨਵੀਂ ਦਿੱਲੀ**

- ਕਾਲਜ ਦੇ ਹੋਣਹਾਰ ਵਿਦਿਆਰਥੀ ਲਵਪ੍ਰੀਤ ਸਿੰਘ ਨੇ ਰਾਸ਼ਟਰੀ ਸੇਵਾ ਯੋਜਨਾ ਨਿਰਦੇਸ਼ਾਲੇ, ਯੁਵਾ ਮਾਮਲੇ ਅਤੇ ਖੇਡ ਮੰਤਰਾਲਾ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਆਯੋਜਿਤ ਆਜ਼ਾਦੀ ਦਿਵਸ ਸਮਾਰੋਹ 2025 ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਮਹੱਤਵਪੂਰਨ ਸਮਾਰੋਹ ਵਿੱਚ ਭਾਗ ਲੈਣਾ ਕਾਲਜ ਲਈ ਮਾਣ ਅਤੇ ਗੌਰਵ ਦੀ ਗੱਲ ਹੈ। ਲਵਪ੍ਰੀਤ ਸਿੰਘ ਨੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਅਤੇ ਭੂਮਿਕਾ ਰਾਹੀਂ ਕਾਲਜ ਦਾ ਨਾਮ ਰੌਸ਼ਨ ਕੀਤਾ।



**ਲਵਪ੍ਰੀਤ ਸਿੰਘ**

- ਕਾਲਜ ਦੇ ਪੰਜ ਵਿਦਿਆਰਥੀਆਂ — ਵਿਸ਼ਾਲ, ਵਿਜੈ, ਕਮਲਪ੍ਰੀਤ ਸਿੰਘ, ਵਿਜੈ ਕੁਮਾਰ ਅਤੇ ਰਾਹੁਲ — ਨੇ ਦੇਹਰਾਦੂਨ ਵਿੱਚ ਆਯੋਜਿਤ ਅੰਤਰ-ਰਾਜੀ ਯੂਥ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ।
- ਸਰਕਾਰੀ ਕਾਲਜ, ਡੇਰਾ ਬੱਸੀ ਦੀਆਂ ਪੰਜ ਵਿਦਿਆਰਥਣਾਂ — ਅਨੁਸ਼ਕਾ, ਰਿੰਕੀ, ਕੋਮਲ, ਅਕਵੰਤ ਅਤੇ ਅਨੀਸ਼ਾ — ਨੇ ਐੱਸ.ਏ.ਐੱਸ. ਨਗਰ ਦੇ ਮਿਰਜ਼ਾਪੁਰ ਪਿੰਡ ਵਿਖੇ ਆਯੋਜਿਤ ਐਡਵੈਂਚਰ/ਹਾਇਕਿੰਗ-ਟ੍ਰੈਕਿੰਗ ਕੈਂਪ ਵਿੱਚ ਭਾਗ ਲਿਆ।

## ਗਤੀਵਿਧੀਆਂ

### (ਸੈਸ਼ਨ 2025–26)

- ਮਿਤੀ 07-04-2025 ਨੂੰ ਵਿਸ਼ਵ ਸਿਹਤ ਦਿਵਸ ਮਨਾਇਆ ਗਿਆ। ਜਿਸ ਵਿੱਚ ਹੋਮ ਸਾਇੰਸ ਵਿਭਾਗ ਦੇ ਡਾ. ਸੁਮਿਤਾ ਕਟੋਚ ਦੁਆਰਾ 'ਸਿਹਤ 'ਤੇ ਖੁਰਾਕ ਦਾ ਪ੍ਰਭਾਵ' ਤੇ ਲੈਕਚਰ ਦਿੱਤਾ ਗਿਆ। ਉਹਨਾਂ ਨੇ ਵਿਦਿਆਰਥੀਆਂ ਨੂੰ ਸੰਤੁਲਿਤ ਪੋਸ਼ਟਿਕ ਆਹਾਰ ਬਾਰੇ ਦੱਸਿਆ।
- ਮਿਤੀ 11-04-2025 ਨੂੰ ਅੰਬੇਡਕਰ ਜੈਅੰਤੀ ਮਨਾਈ ਗਈ। ਜਿਸ ਵਿੱਚ ਰਾਜਨੀਤੀ ਵਿਗਿਆਨ ਵਿਭਾਗ ਦੇ ਸ੍ਰੀ ਸੁਨੀਲ ਕੁਮਾਰ ਨੇ ਵਿਸ਼ੇਸ਼ ਲੈਕਚਰ ਦਿੱਤਾ। ਇਸ ਦੇ ਨਾਲ ਹੀ ਵਿਦਿਆਰਥੀਆਂ ਵਿਚਕਾਰ ਕੁਇਜ਼ ਮੁਕਾਬਲਾ ਵੀ ਕਰਵਾਇਆ ਗਿਆ।
- ਮਿਤੀ 16-04-2025 ਨੂੰ ਪੋਸ਼ਣ ਪੱਖਵਾੜਾ ਮਨਾਇਆ ਗਿਆ।
- ਮਿਤੀ 22-04-2025 ਨੂੰ ਨਸ਼ਾ ਮੁਕਤੀ ਅਭਿਆਨ ਮਨਾਇਆ ਗਿਆ।
- ਮਿਤੀ 06-05-2025 ਨੂੰ 'ਯੁੱਧ ਨਸ਼ਿਆਂ ਵਿਰੁੱਧ' ਅਧਾਰਿਤ ਨੁੱਕੜ ਨਾਟਕ ਦੀ ਪੇਸ਼ਕਾਰੀ ਦਿੱਤੀ ਗਈ।



**ਕਾਲਜ ਦੀਆਂ ਵਿਦਿਆਰਥਣਾਂ - ਅਨੁਸ਼ਕਾ, ਰਿੰਕੀ, ਕੋਮਲ, ਅਕਵੰਤ ਅਤੇ ਅਨੀਸ਼ਾ - ਐਡਵੈਂਚਰ/ ਹਾਇਕਿੰਗ- ਟ੍ਰੈਕਿੰਗ ਕੈਂਪ ਵਿੱਚ ਹੋਰ ਕਾਲਜਾਂ ਦੀਆਂ ਵਿਦਿਆਰਥਣਾਂ ਦੇ ਨਾਲ।**

- ਕਾਲਜ ਵਿਖੇ ਮਿਤੀ 21-06-2025 ਨੂੰ ਅੰਤਰਰਾਸ਼ਟਰੀ ਯੋਗ ਦਿਵਸ ਮਨਾਇਆ ਗਿਆ। ਜਿਸ ਵਿੱਚ ਐਨ.ਐਸ.ਐਸ. ਵਲੰਟੀਅਰਜ਼ ਵੱਲੋਂ ਯੋਗ ਅਭਿਆਸ ਕੀਤਾ ਗਿਆ।
- ਮਿਤੀ 13-08-2025 ਨੂੰ 'ਅੰਗਦਾਨ ਦੀ ਮਹੱਤਤਾ' ਸਬੰਧੀ ਸੈਮੀਨਾਰ ਕਰਵਾਇਆ ਗਿਆ।
- ਮਿਤੀ 15-08-2025 ਨੂੰ ਸੁਤੰਤਰਤਾ ਦਿਵਸ ਮੌਕੇ 'ਹਰ ਘਰ ਤਿਰੰਗਾ' ਅਧਾਰਿਤ ਇੱਕ ਵਿਸ਼ੇਸ ਪ੍ਰੋਗਰਾਮ ਕਰਵਾਇਆ ਗਿਆ।
- ਮਿਤੀ 20-08-2025 ਨੂੰ ਸਦਭਾਵਨਾ ਦਿਵਸ ਮਨਾਇਆ ਗਿਆ। ਇਸ ਮੌਕੇ ਡਾ. ਸ਼ਕੁੰਤਲਾ ਨੇ ਸਦਭਾਵਨਾ ਦਿਵਸ ਦੀ ਮਹੱਤਤਾ ਸਬੰਧੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ।
- ਮਿਤੀ 24-09-2025 ਨੂੰ ਕਾਲਜ ਵਿਖੇ ਐਨ.ਐਸ.ਐਸ. ਸਥਾਪਨਾ ਦਿਵਸ ਮਨਾਇਆ ਗਿਆ।
- ਮਿਤੀ 18-11-2025 ਨੂੰ ਨਸ਼ਾ ਮੁਕਤ ਭਾਰਤ ਅਭਿਆਨ ਦੀ ਪੰਜਵੀਂ ਵਰ੍ਹੇਗੰਢ ਮਨਾਈ ਗਈ।



**ਵਿਸ਼ਾਲ, ਵਿਜੈ, ਕਮਲਪ੍ਰੀਤ ਸਿੰਘ, ਵਿਜੈ ਕੁਮਾਰ ਅਤੇ ਰਾਹੁਲ — ਨੇ ਦੇਹਰਾਦੂਨ ਵਿੱਚ ਆਯੋਜਿਤ ਅੰਤਰ-ਰਾਜੀ ਯੂਥ ਐਕਸਚੇਂਜ ਪ੍ਰੋਗਰਾਮ ਵਿੱਚ ਭਾਗ ਲਿਆ**

# ਫੈਕਲਟੀ ਅਤੇ ਸਟਾਫ਼

## ਪ੍ਰਿੰਸੀਪਲ ਸ਼੍ਰੀਮਤੀ ਵਿਨੀਤਾ ਰਾਓ

### ਅੰਗਰੇਜ਼ੀ ਵਿਭਾਗ

1. ਸ਼੍ਰੀਮਤੀ ਸਵਿਤਾ ਗੁਪਤਾ
   (ਐਮ.ਏ., ਐਮ.ਫਿਲ.)
2. ਡਾ. ਨਵਦੀਪ ਕਹੋਲ
   (ਐਮ.ਏ., ਐੱਸ.ਐਲ.ਈ.ਟੀ., ਪੀ.ਐੱਚ.ਡੀ.)
3. ਸ਼੍ਰੀਮਤੀ ਪ੍ਰਗਤੀ ਪੰਵਾਰ
   (ਐਮ.ਏ., ਐਮ.ਫਿਲ., ਪੀ.ਐੱਚ.ਡੀ. ਜਾਰੀ)

### ਪੰਜਾਬੀ ਵਿਭਾਗ

1. ਡਾ. ਗੁਰਪ੍ਰੀਤ ਕੌਰ, ਗੈਸਟ ਫੈਕਲਟੀ
   (ਐਮ.ਏ., ਯੂ.ਜੀ.ਸੀ. ਨੈਟ, ਪੀ.ਐੱਚ.ਡੀ.)
2. ਸ਼੍ਰੀਮਤੀ ਬੋਮਿੰਦਰ ਕੌਰ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ., ਯੂ.ਜੀ.ਸੀ. ਨੈਟ)
3. ਸ਼੍ਰੀ ਅਵਤਾਰ ਸਿੰਘ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ., ਯੂ.ਜੀ.ਸੀ. ਨੈਟ, ਪੀ.ਐੱਚ.ਡੀ. ਜਾਰੀ)

### ਹਿੰਦੀ ਵਿਭਾਗ

1. ਡਾ. ਸ਼ਕੁੰਤਲਾ
   (ਐਮ.ਏ., ਪੀ.ਐੱਚ.ਡੀ., ਯੂ.ਜੀ.ਸੀ. ਨੈਟ, ਜੇ.ਆਰ.ਐਫ਼.)

### ਭੂਗੋਲ ਵਿਭਾਗ

1. ਸ਼੍ਰੀਮਤੀ ਸਲੋਨੀ
   (ਐੱਮ.ਐੱਸ.ਸੀ. ਗੋਲਡ ਮੈਡਲਿਸਟ, ਐੱਮ.ਫਿਲ. ਜਿਓਗ੍ਰਾਫ਼ੀ ਆਨਰਜ਼)
2. ਖਾਲੀ ਅਸਾਮੀ
3. ਸ਼੍ਰੀਮਤੀ ਮਨਪ੍ਰੀਤ ਕੌਰ, ਗੈਸਟ ਫੈਕਲਟੀ
   (ਐਮ.ਏ., ਯੂ.ਜੀ.ਸੀ. ਨੈਟ)

### ਲੋਕ ਪ੍ਰਸ਼ਾਸਨ ਵਿਭਾਗ

1. ਸ਼੍ਰੀ ਅੰਸ਼ੁਲ ਭਾਟੀਆ
   (ਐਮ.ਏ., ਐਮ.ਫਿਲ., ਯੂ.ਜੀ.ਸੀ. ਨੈਟ)

### ਅਰਥ ਸ਼ਾਸਤਰ ਵਿਭਾਗ

1. ਸ਼੍ਰੀਮਤੀ ਰੀਤਿਕਾ
   (ਐਮ.ਏ., ਯੂ.ਜੀ.ਸੀ. ਨੈਟ, ਜੇ.ਆਰ.ਐਫ਼.)
2. ਡਾ. ਗੁਰਮੀਤ ਸਿੰਘ, ਗੈਸਟ ਫੈਕਲਟੀ
   (ਐਮ.ਏ., ਪੀ.ਐੱਚ.ਡੀ.)

### ਰਾਜਨੀਤੀ ਸ਼ਾਸਤਰ ਵਿਭਾਗ

1. ਸ਼੍ਰੀ ਸੁਨੀਲ ਕੁਮਾਰ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ., ਯੂ.ਜੀ.ਸੀ. ਨੈਟ)

### ਇਤਿਹਾਸ ਵਿਭਾਗ

1. ਖਾਲੀ ਅਸਾਮੀ

### ਗਣਿਤ ਵਿਭਾਗ

1. ਸ਼੍ਰੀਮਤੀ ਭਾਵਨਾ
   (ਐੱਮ.ਐੱਸ.ਸੀ., ਯੂ.ਜੀ.ਸੀ. ਨੈਟ)
2. ਸ਼੍ਰੀਮਤੀ ਸੁਸ਼ਮਾ, ਗੈਸਟ ਫੈਕਲਟੀ
   (ਐੱਮ.ਐੱਸ.ਸੀ. ਆਨਰਜ਼, ਯੂ.ਜੀ.ਸੀ. ਨੈਟ)

### ਸਰੀਰਕ ਸਿੱਖਿਆ ਵਿਭਾਗ

1. ਡਾ. ਨਿਰਮਲ ਸਿੰਘ, ਗੈਸਟ ਫੈਕਲਟੀ
   (ਐੱਮ.ਪੀ.ਐਡ., ਐਮ.ਫਿਲ., ਯੂ.ਜੀ.ਸੀ. ਨੈਟ ਪੀ.ਐੱਚ.ਡੀ.)

### ਫਾਈਨ ਆਰਟਸ ਵਿਭਾਗ

1. ਸ਼੍ਰੀਮਤੀ ਨਵਜੋਤ ਕੌਰ
   (ਐਮ.ਏ., ਯੂ.ਜੀ.ਸੀ. ਨੈਟ)
2. ਸ਼੍ਰੀਮਤੀ ਮੇਘਾ ਗੋਇਲ
   (ਐਮ.ਏ., ਯੂ.ਜੀ.ਸੀ. ਨੈਟ)
3. ਸ਼੍ਰੀ ਰਵਿੰਦਰ ਸਿੰਘ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ.)
4. ਸ਼੍ਰੀਮਤੀ ਕਿਰਨਪ੍ਰੀਤ ਕੌਰ, ਗੈਸਟ ਫੈਕਲਟੀ
   (ਐੱਮ.ਏ. ਅਤੇ ਡਿਪਲੋਮਾ ਇਨ ਆਰਟ ਐਂਡ ਕਰਾਫ਼ਟ, ਯੂ.ਜੀ.ਸੀ. ਨੈਟ)

### ਸਮਾਜ ਸ਼ਾਸਤਰ ਵਿਭਾਗ

1. ਡਾ. ਹਰਵਿੰਦਰ ਕੌਰ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ., ਪੀ.ਐੱਚ.ਡੀ.)

### ਹੋਮ ਸਾਇੰਸ ਵਿਭਾਗ

1. ਖਾਲੀ ਅਸਾਮੀ
2. ਡਾ. ਸੁਮਿਤਾ ਕਟੋਚ, ਗੈਸਟ ਫੈਕਲਟੀ
   (ਐੱਮ.ਐੱਸ.ਸੀ., ਪੀ.ਐੱਚ.ਡੀ.)

### ਸੰਗੀਤ ਵਿਭਾਗ

1. ਸ਼੍ਰੀ ਮੋਹਨੀਸ਼ ਆਰੀਆ
   (ਐਮ.ਏ., ਯੂ.ਜੀ.ਸੀ. ਨੈਟ, ਜੇ.ਆਰ.ਐਫ਼. ਪੀ.ਐੱਚ.ਡੀ. ਜਾਰੀ)
2. ਸ਼੍ਰੀ ਬਲਜਿੰਦਰ ਸਿੰਘ, ਗੈਸਟ ਫੈਕਲਟੀ
   (ਐਮ.ਏ., ਐਮ.ਫਿਲ., ਯੂ.ਜੀ.ਸੀ. ਨੈਟ)

### ਕਾਮਰਸ ਵਿਭਾਗ

1. ਸ਼੍ਰੀ ਮਨਜੋਤ ਸਿੰਘ (ਐੱਮ.ਕਾਮ., ਯੂ.ਜੀ.ਸੀ. ਨੈਟ)
2. ਡਾ. ਪ੍ਰਭਜੋਤ ਕੌਰ, ਗੈਸਟ ਫੈਕਲਟੀ
   (ਐੱਮ.ਕਾਮ., ਯੂ.ਜੀ.ਸੀ. ਨੈਟ, ਪੀ.ਐੱਚ.ਡੀ.)
3. ਸ਼੍ਰੀਮਤੀ ਕਨੂੰ ਗਰਗ, ਗੈਸਟ ਫੈਕਲਟੀ
   (ਐੱਮ.ਕਾਮ., ਯੂ.ਜੀ.ਸੀ. ਨੈਟ, ਪੀ.ਐੱਚ.ਡੀ. ਜਾਰੀ)

### ਭੌਤਿਕ ਵਿਗਿਆਨ ਵਿਭਾਗ

1. ਸ਼੍ਰੀਮਤੀ ਰਾਜਬੀਰ ਕੌਰ
   (ਐੱਮ.ਐੱਸ.ਸੀ., ਐਮ.ਫਿਲ.)
2. ਖਾਲੀ ਅਸਾਮੀ

### ਰਸਾਇਣ ਵਿਗਿਆਨ ਵਿਭਾਗ

1. ਖਾਲੀ ਅਸਾਮੀ
2. ਸ਼੍ਰੀਮਤੀ ਸ਼ਵੇਤਾ ਖਰਬੰਦਾ, ਗੈਸਟ ਫੈਕਲਟੀ

(ਐੱਮ.ਐੱਸ.ਸੀ., ਯੂ.ਜੀ.ਸੀ. ਨੈਟ)

## ਕੰਪਿਊਟਰ ਵਿਭਾਗ

1. ਸ਼੍ਰੀਮਤੀ ਸਿਮਰਤਜੀਤ ਕੌਰ ਸੰਧੂ
(ਐੱਮ.ਸੀ.ਏ., ਯੂ.ਜੀ.ਸੀ. ਨੈਟ, ਜੇ.ਆਰ.ਐਫ਼., ਪੀ.ਐੱਚ.ਡੀ. ਜਾਰੀ)
2. ਡਾ. ਨੈਨਸੀ, ਗੈਸਟ ਫੈਕਲਟੀ
(ਐੱਮ.ਸੀ.ਏ., ਪੀ.ਐੱਚ.ਡੀ.)

## ਲਾਇਬ੍ਰੇਰੀਅਨ

1. ਸ਼੍ਰੀਮਤੀ ਭੁਪਿੰਦਰ ਕੌਰ
(ਐੱਮ.ਲਿਬ. ਐਂਡ ਇਨਫੋ ਸਾਇੰਸ, ਯੂ.ਜੀ.ਸੀ. ਨੈਟ)

## ਪ੍ਰਬੰਧਕੀ ਅਮਲਾ

## ਸੀਨੀਅਰ ਸਹਾਇਕ

1. ਖਾਲੀ ਅਸਾਮੀ
2. ਸਟੈਨੋ-ਟਾਈਪਿਸਟ: ਸ਼੍ਰੀਮਤੀ ਸਲੋਨੀ

## ਜੂਨੀਅਰ ਸਹਾਇਕ

1. ਸ਼੍ਰੀ ਪ੍ਰਵੀਨ ਚੰਦਰ ਸ਼ਰਮਾ
2. ਸ਼੍ਰੀ ਮਨਪ੍ਰੀਤ ਸਿੰਘ
3. ਸ਼੍ਰੀ ਸੂਬੇ ਸਿੰਘ

## ਲਾਇਬ੍ਰੇਰੀ ਰਿਸਟੋਰਰ

1. ਖਾਲੀ ਅਸਾਮੀ

## ਲੀਗਲ ਕਲਰਕ

1. ਖਾਲੀ ਅਸਾਮੀ

## ਲਾਇਬ੍ਰੇਰੀ ਅਟੈਂਡੈਂਟ

1. ਸ਼੍ਰੀ ਨਵਨੀਤ ਖੇੜਾ
2. ਸ਼੍ਰੀ ਹਰਨਾਮ ਸਿੰਘ

## ਲੈਬਾਰਟਰੀ ਸਟਾਫ਼

## ਸੀਨੀਅਰ ਲੈਕਚਰ ਅਸਿਸਟੈਂਟ

1. ਸ਼੍ਰੀ ਜਗਮੋਹਨ ਸਿੰਘ
2. ਖਾਲੀ ਅਸਾਮੀ

## ਜੂਨੀਅਰ ਲੈਕਚਰ ਅਸਿਸਟੈਂਟ

1. ਖਾਲੀ ਅਸਾਮੀ
2. ਸ਼੍ਰੀ ਜਸਪ੍ਰੀਤ ਸਿੰਘ
3. ਸ਼੍ਰੀਮਤੀ ਡੇਜਿੰਦਰ ਕੌਰ
4. ਖਾਲੀ ਅਸਾਮੀ
5. ਖਾਲੀ ਅਸਾਮੀ
6. ਖਾਲੀ ਅਸਾਮੀ

## ਸੀਨੀਅਰ ਲੈਬ ਅਟੈਂਡੈਂਟ

1. ਸ਼੍ਰੀ ਜੋਗਿੰਦਰ ਸਿੰਘ
2. ਸ਼੍ਰੀ ਪ੍ਰਵੀਨ ਕੁਮਾਰ
3. ਸ਼੍ਰੀ ਗਗਨ ਅਗਰਵਾਲ
4. ਸ਼੍ਰੀ ਸਿਕੰਦਰਪੁਰੀ
5. ਖਾਲੀ ਅਸਾਮੀ
6. ਖਾਲੀ ਅਸਾਮੀ

## ਤਬਲਾ ਇੰਸਟਰਕਟਰ

1. ਖਾਲੀ ਅਸਾਮੀ

## ਦਰਜਾ ਚਾਰ ਕਰਮਚਾਰੀ

1. ਸ਼੍ਰੀ ਹਲਵਿੰਦਰ ਸਿੰਘ
2. ਸ਼੍ਰੀ ਹਰਮਿੰਦਰ ਸਿੰਘ
3. ਸ਼੍ਰੀ ਰਾਮ ਕਿਰਪਾਲ
4. ਸ਼੍ਰੀਮਤੀ ਜਯੋਤੀ
5. ਸ਼੍ਰੀ ਸੁਨੀਤ ਕੁਮਾਰ
6. ਸ਼੍ਰੀ ਰਿੰਕੂ ਕੁਮਾਰ
7. ਖਾਲੀ ਅਸਾਮੀ
8. ਖਾਲੀ ਅਸਾਮੀ
9. ਖਾਲੀ ਅਸਾਮੀ
10. ਖਾਲੀ ਅਸਾਮੀ
11. ਖਾਲੀ ਅਸਾਮੀ
12. ਖਾਲੀ ਅਸਾਮੀ
13. ਖਾਲੀ ਅਸਾਮੀ

# ਦਾਖਲਾ ਕਮੇਟੀਆਂ ਅਤੇ ਜ਼ਿੰਮੇਵਾਰੀਆਂ

| | | |
|---|---|---|
| | **ਪ੍ਰਿੰਸੀਪਲ: ਸ਼੍ਰੀਮਤੀ ਵਿਨੀਤਾ ਰਾਓ** | |
| ਇੰਚਾਰਜ ਦਾਖਲਾ ਕਮੇਟੀ | ਸ਼੍ਰੀਮਤੀ ਰਾਜਬੀਰ ਕੌਰ | |
| ਇੰਚਾਰਜ ਦਾਖਲਾ ਕਮੇਟੀ | ਸ਼੍ਰੀਮਤੀ ਸਵਿਤਾ ਗੁਪਤਾ | |
| ਨੋਡਲ ਅਫ਼ਸਰ | ਸ਼੍ਰੀ ਸੁਨੀਲ ਕੁਮਾਰ (ਦਾਖਲਾ ਪੋਰਟਲ) | |
| | | |
| | **ਬੀ.ਏ. ਸਮੈਸਟਰ ਪਹਿਲਾ** | |
| ਕਨਵੀਨਰ | ਸ਼੍ਰੀ ਸੁਨੀਲ ਕੁਮਾਰ | ਮੁੱਖ ਇੰਚਾਰਜ |
| ਕੋ-ਕਨਵੀਨਰ | ਸ਼੍ਰੀਮਤੀ ਪ੍ਰਗਤੀ ਪੰਵਾਰ | |
| ਮੈਂਬਰ | ਸ਼੍ਰੀ ਅਵਤਾਰ ਸਿੰਘ | |
| ਮੈਂਬਰ | ਡਾ. ਹਰਵਿੰਦਰ ਕੌਰ | |
| ਮੈਂਬਰ | ਡਾ. ਗੁਰਪ੍ਰੀਤ ਕੌਰ | |
| ਮੈਂਬਰ | ਡਾ. ਸੁਮਿਤਾ ਕਟੋਚ | |
| ਸਕਾਲਰਸ਼ਿਪ | ਸ਼੍ਰੀ ਬਲਜਿੰਦਰ ਸਿੰਘ | ਸਕਾਲਰਸ਼ਿਪ ਸੰਬੰਧੀ ਕੰਮ |
| ਸਕਾਲਰਸ਼ਿਪ | ਸ਼੍ਰੀਮਤੀ ਮਨਪ੍ਰੀਤ ਕੌਰ | ਸਕਾਲਰਸ਼ਿਪ ਸੰਬੰਧੀ ਕੰਮ |
| ਮੈਂਬਰ | ਸ਼੍ਰੀ ਜਗਮੋਹਨ ਸਿੰਘ, ਐਸ.ਐੱਲ.ਏ. | |
| ਫਾਰਮ ਲੈਣਾ | ਸ਼੍ਰੀ ਨਵਨੀਤ ਖੇੜਾ, ਲਾਇਬ੍ਰੇਰੀ ਅੱਟੇਂਡੈਂਟ | ਫਾਰਮ ਇਕੱਠੇ ਕਰਨੇ |
| | | |
| | **ਬੀ.ਏ. ਸਮੈਸਟਰ ਤੀਜਾ** | |
| ਕਨਵੀਨਰ | ਸ਼੍ਰੀਮਤੀ ਨਵਜੋਤ ਕੌਰ | ਮੁੱਖ ਇੰਚਾਰਜ |
| ਮੈਂਬਰ | ਡਾ. ਸ਼ਕੁੰਤਲਾ | |
| ਮੈਂਬਰ | ਮਿਸ ਕਿਰਨਪ੍ਰੀਤ ਕੌਰ | |
| ਸਕਾਲਰਸ਼ਿਪ | ਡਾ. ਗੁਰਮੀਤ ਸਿੰਘ | ਸਕਾਲਰਸ਼ਿਪ ਸੰਬੰਧੀ ਕੰਮ |
| ਮੈਂਬਰ | ਡਾ. ਨਵੀਨ ਕੁਮਾਰ | |
| ਫਾਰਮ ਲੈਣਾ | ਸ਼੍ਰੀ ਸਿਕੰਦਰਪੁਰੀ, ਐੱਲ.ਏ. | ਫਾਰਮ ਇਕੱਠੇ ਕਰਨੇ |
| | | |
| | **ਬੀ.ਏ. ਸਮੈਸਟਰ ਪੰਜਵਾਂ** | |
| ਕਨਵੀਨਰ | ਸ਼੍ਰੀਮਤੀ ਭਾਵਨਾ | ਮੁੱਖ ਇੰਚਾਰਜ |
| ਮੈਂਬਰ | ਡਾ. ਨਿਰਮਲ ਸਿੰਘ | |
| ਮੈਂਬਰ | ਸ਼੍ਰੀ ਮੋਹਨੀਸ਼ ਆਰੀਆ | |
| ਸਕਾਲਰਸ਼ਿਪ | ਡਾ. ਨੈਨਸੀ | ਸਕਾਲਰਸ਼ਿਪ ਸੰਬੰਧੀ ਕੰਮ |
| ਮੈਂਬਰ | ਸ਼੍ਰੀ ਜਸਪ੍ਰੀਤ ਸਿੰਘ, ਜੇ.ਐੱਲ.ਏ. | |
| ਫਾਰਮ ਲੈਣਾ | ਸ਼੍ਰੀ ਹਰਨਾਮ ਸਿੰਘ, ਐੱਲ.ਏ. | ਫਾਰਮ ਇਕੱਠੇ ਕਰਨੇ |

| | | |
|---|---|---|
| **ਬੀ.ਕਾਮ., ਬੀ.ਕਾਮ. (EIS) ਅਤੇ ਐਮ.ਕਾਮ.** | | |
| ਕਨਵੀਨਰ | ਸ਼੍ਰੀ ਮਨਜੋਤ ਸਿੰਘ | ਮੁੱਖ ਇੰਚਾਰਜ |
| ਕੋ-ਕਨਵੀਨਰ | ਡਾ. ਪ੍ਰਭਜੋਤ ਕੌਰ | |
| ਸਕਾਲਰਸ਼ਿਪ ਜਨਰਲ | ਸ਼੍ਰੀਮਤੀ ਰੀਤਿਕਾ | ਸਕਾਲਰਸ਼ਿਪ ਸੰਬੰਧੀ ਕੰਮ |
| ਮੈਂਬਰ | ਡਾ. ਅਮਨਜੀਤ ਕੌਰ | |
| ਸਕਾਲਰਸ਼ਿਪ | ਮਿਸ ਨਵੀਨਾ | ਸਕਾਲਰਸ਼ਿਪ ਸੰਬੰਧੀ ਕੰਮ |
| ਸਕਾਲਰਸ਼ਿਪ EIS | ਸ਼੍ਰੀਮਤੀ ਅਮਰਿੰਦਰ ਕੌਰ | ਸਕਾਲਰਸ਼ਿਪ ਸੰਬੰਧੀ ਕੰਮ |
| ਫਾਰਮ ਲੈਣਾ | ਸ਼੍ਰੀ ਪ੍ਰਵੀਨ ਕੁਮਾਰ, ਐੱਲ.ਏ. | ਫਾਰਮ ਇਕੱਠੇ ਕਰਨੇ |
| | | |
| **ਬੀ.ਐਸ.ਸੀ., ਬੀ.ਸੀ.ਏ., ਬੀ.ਬੀ.ਏ. ਅਤੇ ਬੀ.ਏ. (ਅਸਥੈਟਿਕਸ ਐਂਡ ਬਿਊਟੀ ਥੈਰੇਪੀ)** | | |
| ਕਨਵੀਨਰ | ਸ਼੍ਰੀ ਅੰਸ਼ੁਲ ਭਾਟੀਆ | ਮੁੱਖ ਇੰਚਾਰਜ |
| ਮੈਂਬਰ | ਸ਼੍ਰੀ ਮੋਹਨੀਸ਼ ਆਰੀਆ | |
| ਮੈਂਬਰ | ਸ਼੍ਰੀਮਤੀ ਸ਼ਵੇਤਾ ਖਰਬੰਦਾ | |
| ਮੈਂਬਰ | ਸ਼੍ਰੀ ਰਵਿੰਦਰਜੀਤ | |
| ਮੈਂਬਰ | ਸ਼੍ਰੀਮਤੀ ਜੈਤਿਕਾ | |
| ਸਕਾਲਰਸ਼ਿਪ | ਸ਼੍ਰੀਮਤੀ ਸੁਸ਼ਮਾ | ਸਕਾਲਰਸ਼ਿਪ ਸੰਬੰਧੀ ਕੰਮ |
| ਸਕਾਲਰਸ਼ਿਪ | ਸ਼੍ਰੀਮਤੀ ਡੇਜਿੰਦਰ ਕੌਰ, ਜੇ.ਐੱਲ.ਏ. | ਸਕਾਲਰਸ਼ਿਪ ਸੰਬੰਧੀ ਕੰਮ |
| ਫਾਰਮ ਲੈਣਾ | ਸ਼੍ਰੀ ਜ਼ੋਗਿੰਦਰ ਸਿੰਘ, ਸੀਨੀਅਰ ਐੱਲ.ਏ. | ਫਾਰਮ ਇਕੱਠੇ ਕਰਨੇ |
| | | |
| **ਫੀਸ ਕਮੇਟੀ** | | |
| ਮੈਂਬਰ | ਸ਼੍ਰੀਮਤੀ ਸਵਿਤਾ ਗੁਪਤਾ | |
| ਮੈਂਬਰ | ਸ਼੍ਰੀਮਤੀ ਨਵਜੋਤ ਕੌਰ | |
| ਕਲਰਕ | ਸ਼੍ਰੀ ਸੂਬੇ ਸਿੰਘ | |
| | | |
| **ਸਕਾਲਰਸ਼ਿਪ ਕਮੇਟੀ** | | |
| ਕਨਵੀਨਰ | ਡਾ. ਨਵਦੀਪ ਕਹੋਲ | ਮੁੱਖ ਇੰਚਾਰਜ |
| ਮੈਂਬਰ | ਸ਼੍ਰੀਮਤੀ ਰੀਤਿਕਾ | |
| ਮੈਂਬਰ | ਸ਼੍ਰੀਮਤੀ ਮਨਪ੍ਰੀਤ ਕੌਰ | |
| ਮੈਂਬਰ | ਸ਼੍ਰੀ ਬਲਜਿੰਦਰ ਸਿੰਘ | |
| ਮੈਂਬਰ | ਸ਼੍ਰੀਮਤੀ ਸੁਸ਼ਮਾ | |
| ਮੈਂਬਰ | ਡਾ. ਗੁਰਮੀਤ ਸਿੰਘ | |
| ਮੈਂਬਰ | ਡਾ. ਨੈਨਸੀ | |
| ਮੈਂਬਰ | ਸ਼੍ਰੀਮਤੀ ਅਮਰਿੰਦਰ ਕੌਰ | |
| ਜੇ.ਐੱਲ.ਏ. | ਸ਼੍ਰੀਮਤੀ ਡੇਜਿੰਦਰ ਕੌਰ | |

| ਹੈਲਪ ਡੈਸਕ ਕਮੇਟੀ | | |
|---|---|---|
| ਮੈਂਬਰ | ਸ਼੍ਰੀ ਰਵਿੰਦਰ ਸਿੰਘ | |
| ਮੈਂਬਰ | ਡਾ. ਸੁਮਿਤਾ ਕਟੋਚ | |
| ਮੈਂਬਰ | ਸ਼੍ਰੀ ਰਵਿੰਦਰਜੀਤ | |
| ਮੈਂਬਰ | ਡਾ. ਅਮਨਜੀਤ ਕੌਰ | |
| ਮੈਂਬਰ | ਸ਼੍ਰੀਮਤੀ ਅਮਰਿੰਦਰ ਕੌਰ | |
| ਮੈਂਬਰ | ਸ਼੍ਰੀਮਤੀ ਤਰਨਦੀਪ ਕੌਰ | |
| ਮੈਂਬਰ | ਡਾ. ਨਵੀਨ ਕੁਮਾਰ | |
| ਮੈਂਬਰ | ਸ਼੍ਰੀਮਤੀ ਸਪਨਾ | |
| ਮੈਂਬਰ | ਮਿਸ ਨਵੀਨਾ | |
| ਮੈਂਬਰ | ਸ਼੍ਰੀਮਤੀ ਜੈਤਿਕਾ | |
| ਮੈਂਬਰ | ਸ਼੍ਰੀ ਸਾਹਿਲ | |
| ਮੈਂਬਰ | ਸ਼੍ਰੀਮਤੀ ਅਮਨਦੀਪ, ਐਚ.ਈ.ਆਈ.ਐਸ.ਆਫਿਸ | |

# ਪ੍ਰਬੰਧਕੀ ਕਮੇਟੀਆਂ

## ਪ੍ਰਿੰਸੀਪਲ, ਸ਼੍ਰੀਮਤੀ ਵਿਨੀਤਾ ਰਾਓ

### ਕਾਲਜ ਕੌਂਸਲ
ਸ਼੍ਰੀਮਤੀ ਰਾਜਬੀਰ ਕੌਰ
ਸ਼੍ਰੀਮਤੀ ਸਵਿਤਾ ਗੁਪਤਾ
ਸ਼੍ਰੀਮਤੀ ਭੁਪਿੰਦਰ ਕੌਰ
ਡਾ. ਨਵਦੀਪ ਕਹੋਲ
ਸ਼੍ਰੀਮਤੀ ਸਲੋਨੀ
ਸ਼੍ਰੀਮਤੀ ਨਵਜੋਤ ਕੌਰ

### ਸੀਨੀਅਰ ਟਿਊਟਰ ਅਤੇ ਬੱਡੀ ਗਰੁੱਪ
ਸ਼੍ਰੀਮਤੀ ਰਾਜਬੀਰ ਕੌਰ
ਸ਼੍ਰੀ ਮੋਹਨੀਸ਼ ਆਰੀਆ
ਡਾ. ਹਰਵਿੰਦਰ ਕੌਰ

### ਐਚ. ਈ. ਆਈ. ਐਸ.
ਸ਼੍ਰੀਮਤੀ ਰਾਜਬੀਰ ਕੌਰ
ਸ਼੍ਰੀਮਤੀ ਸਵਿਤਾ ਗੁਪਤਾ
ਸ਼੍ਰੀਮਤੀ ਸਿਮਰਤਜੀਤ

### ਪੀ. ਟੀ. ਏ.
ਸ਼੍ਰੀਮਤੀ ਨਵਜੋਤ ਕੌਰ
ਡਾ. ਸ਼ਕੁੰਤਲਾ
ਸ਼੍ਰੀ ਸੂਬੇ ਸਿੰਘ

### ਬਰਸਰ
ਡਾ. ਨਵਦੀਪ ਕਹੋਲ

### ਕਾਮਨ ਰੂਮ ਇੰਚਾਰਜ
ਸ਼੍ਰੀਮਤੀ ਭਾਵਨਾ ਗੁਪਤਾ
ਡਾ. ਨੈਨਸੀ
ਸ਼੍ਰੀਮਤੀ ਸਪਨਾ

### ਰਜਿਸਟਰਾਰ ਪ੍ਰੀਖਿਆ
ਸ਼੍ਰੀਮਤੀ ਸਵਿਤਾ ਗੁਪਤਾ (ਰਜਿਸਟਰਾਰ)
ਸ਼੍ਰੀਮਤੀ ਨਵਜੋਤ ਕੌਰ
ਸ਼੍ਰੀਮਤੀ ਸਿਮਰਨਜੀਤ ਕੌਰ
ਡਾ. ਅਮਨਜੀਤ ਕੌਰ
ਮਿਸ ਨਵੀਨਾ ਜ਼ਿੰਦਲ
ਸ਼੍ਰੀ ਜਸਪ੍ਰੀਤ ਸਿੰਘ (ਜੇ. ਐਲ. ਏ.)

### ਟਾਈਮ ਟੇਬਲ ਇੰਚਾਰਜ
ਸ਼੍ਰੀ ਅਵਤਾਰ ਸਿੰਘ (ਕਨਵੀਨਰ)
ਸ਼੍ਰੀਮਤੀ ਤਰਨਦੀਪ ਕੌਰ (HEIS)
ਸ਼੍ਰੀਮਤੀ ਜੈਤਿਕਾ (ਕਾਮਰਸ)
ਸ਼੍ਰੀਮਤੀ ਸ਼ਵੇਤਾ ਖਰਬੰਦਾ (ਬੀ. ਐਸ. ਸੀ)
ਡਾ. ਨਵੀਨ ਕੁਮਾਰ (ਆਰਟਸ)

### ਸਕਾਲਰਸ਼ਿਪ ਅਤੇ ਵਿੱਤੀ-ਸਹਾਇਤਾ
ਡਾ. ਨਵਦੀਪ ਕਹੋਲ
ਸ਼੍ਰੀਮਤੀ ਰੀਤਿਕਾ
ਸ਼੍ਰੀਮਤੀ ਮਨਪ੍ਰੀਤ ਕੌਰ
ਸ਼੍ਰੀ ਬਲਜਿੰਦਰ ਸਿੰਘ
ਸ਼੍ਰੀਮਤੀ ਡੇਜ਼ਿੰਦਰ ਕੌਰ (ਜੇ. ਐਲ. ਏ.)

### ਐਨ. ਐਸ. ਐਸ. ਅਤੇ ਯੂਥ ਕਲੱਬ
ਸ਼੍ਰੀ ਮੋਹਨੀਸ਼ ਆਰੀਆ (ਕਨਵੀਨਰ)
ਡਾ. ਸ਼ਕੁੰਤਲਾ
ਸ਼੍ਰੀ ਰਵਿੰਦਰ ਸਿੰਘ

### ਵੂਮੈਨ ਸੈਲ/ ਐਂਟੀ-ਰੈਗਿੰਗ ਕਮੇਟੀ/ ਐਂਟੀ-ਸੈਕਸੁਅਲ ਹੈਰਾਸਮੈਂਟ ਕਮੇਟੀ
ਕਾਲਜ ਕੌਂਸਲ ਮੈਂਬਰ

### ਸਭਿੱਆਚਾਰਕ ਗਤੀਵਿਧੀਆਂ
ਸ਼੍ਰੀ ਰਵਿੰਦਰ ਸਿੰਘ (ਕਨਵੀਨਰ)
ਸ਼੍ਰੀਮਤੀ ਬੋਮਿੰਦਰ ਕੌਰ (ਕੋ-ਕਨਵੀਨਰ)
ਸ਼੍ਰੀ ਬਲਜਿੰਦਰ ਸਿੰਘ
ਸ਼੍ਰੀਮਤੀ ਅਮਰਿੰਦਰ ਕੌਰ
ਸ਼੍ਰੀਮਤੀ ਕਿਰਨਪ੍ਰੀਤ ਕੌਰ
ਡਾ. ਅਮਨਜੀਤ ਕੌਰ
ਡਾ. ਨਿਰਮਲ ਸਿੰਘ

### ਕੈਰੀਅਰ ਗਾਈਡੈਂਸ, ਕਾਊਂਸਲਿੰਗ ਅਤੇ ਪਲੇਸਮੈਂਟ ਸੈੱਲ
ਸ਼੍ਰੀਮਤੀ ਮੇਘਾ ਗੋਇਲ
ਸ਼੍ਰੀਮਤੀ ਭਾਵਨਾ ਗੁਪਤਾ
ਸ਼੍ਰੀ ਮਨਜੋਤ ਸਿੰਘ

### ਕੰਟੀਨ ਕਮੇਟੀ
ਸ਼੍ਰੀਮਤੀ ਭੁਪਿੰਦਰ ਕੌਰ

ਸ਼੍ਰੀਮਤੀ ਸਲੋਨੀ
ਸ਼੍ਰੀ ਅੰਸ਼ੁਲ ਭਾਟੀਆ
ਡਾ. ਨਿਰਮਲ ਸਿੰਘ
ਸ਼੍ਰੀਮਤੀ ਜੈਤਿਕਾ

## ਬੱਸ ਪਾਸ

ਸ਼੍ਰੀਮਤੀ ਰਾਜਬੀਰ ਕੌਰ
ਸ਼੍ਰੀ ਜਗਮੋਹਨ ਸਿੰਘ (ਐਸ.ਐਲ.ਏ.)

## ਸ੍ਵੀਪ ਕਮੇਟੀ

ਡਾ. ਪ੍ਰਭਜੋਤ ਕੌਰ

ਸ਼੍ਰੀ ਸੁਨੀਲ ਕੁਮਾਰ

## ਅਲੁਮਨੀ ਅਸੋਸ਼ਿਏਸ਼ਨ ਕਮੇਟੀ

ਡਾ. ਪ੍ਰਭਜੋਤ ਕੌਰ
ਸ਼੍ਰੀ ਰਵਿੰਦਰ ਸਿੰਘ
ਡਾ. ਸੁਮਿਤਾ ਕਟੋਚ
ਸ਼੍ਰੀਮਤੀ ਸੁਸ਼ਮਾ
ਡਾ. ਅਮਨਜੀਤ ਕੌਰ
ਸ਼੍ਰੀਮਤੀ ਜੈਤਿਕਾ

## ਲੀਗਲ ਲਿਟਰੇਸੀ ਕਮੇਟੀ

ਸ਼੍ਰੀ ਅੰਸ਼ੁਲ ਭਾਟੀਆ

ਸ਼੍ਰੀ ਸੁਨੀਲ ਕੁਮਾਰ

## ਰੈਡ ਰਿਬਨ ਅਤੇ ਰੈਡ ਕਰਾਸ

ਸ਼੍ਰੀਮਤੀ ਨਵਜੋਤ ਕੌਰ
ਡਾ. ਹਰਵਿੰਦਰ ਕੌਰ

## ਫੀਸ ਮੁਆਫ ਕਮੇਟੀ

ਡਾ. ਨਵਦੀਪ ਕਹੋਲ
ਸ਼੍ਰੀਮਤੀ ਨਵਜੋਤ ਕੌਰ
ਸ਼੍ਰੀਮਤੀ ਸਵਿਤਾ ਗੁਪਤਾ
ਸ਼੍ਰੀ ਸੂਬੇ ਸਿੰਘ




## ਪ੍ਰਾਸਪੈਕਟਸ ਕਮੇਟੀ

- ਸ਼੍ਰੀਮਤੀ ਰਾਜਬੀਰ ਕੌਰ
- ਡਾ. ਨਵਦੀਪ ਕਹੋਲ
- ਸ਼੍ਰੀਮਤੀ ਸਲੋਨੀ
- ਸ਼੍ਰੀਮਤੀ ਸਿਮਰਤਜੀਤ
- ਸ਼੍ਰੀ ਅਵਤਾਰ ਸਿੰਘ
- ਸ਼੍ਰੀ ਸੁਨੀਲ ਕੁਮਾਰ
- ਸ਼੍ਰੀ ਰਵਿੰਦਰਜੀਤ

# ਸੰਪਰਕ ਅਧਿਕਾਰੀ

| ਪ੍ਰਿੰਸੀਪਲ ਸ਼੍ਰੀਮਤੀ ਵਿਨੀਤਾ ਰਾਓ | | |
|---|---|---|
| ਵਿਸ਼ਾ ਸੂਚੀ | ਇੰਚਾਰਜ | ਵਿਭਾਗ |
| ਦਾਖਲਾ ਇੰਚਾਰਜ | ਸ੍ਰੀਮਤੀ ਰਾਜਬੀਰ ਢਿੱਲੋ, ਸ੍ਰੀਮਤੀ ਸਵਿਤਾ ਗੁਪਤਾ, ਸ੍ਰੀ ਸੁਨੀਲ ਕੁਮਾਰ (ਨੋਡਲ ਅਫਸਰ) | ਫਿਜ਼ਿਕਸ, ਅੰਗ੍ਰੇਜ਼ੀ, ਰਾਜਨੀਤਿਕ ਸ਼ਾਸਤਰ |
| ਹੈਲਪ ਡੈਸਕ (ਦਾਖਲਾ) | ਸ੍ਰੀ ਰਵਿੰਦਰ ਸਿੰਘ, ਸ੍ਰੀਮਤੀ ਤਰਨਦੀਪ ਕੌਰ, ਸ੍ਰੀ ਸਾਹਿਲ ਰਾਣਾ | ਫਾਈਨ ਆਰਟਸ, ਕੰਪਿਊਟਰ, ਦਫਤਰੀ |
| ਬੀ.ਏ. ਭਾਗ ਪਹਿਲਾ | ਸ੍ਰੀ ਸੁਨੀਲ ਕੁਮਾਰ | ਰਾਜਨੀਤਿਕ ਸ਼ਾਸਤਰ |
| ਬੀ.ਏ. ਭਾਗ ਦੂਜਾ | ਸ੍ਰੀਮਤੀ ਨਵਜੋਤ ਕੌਰ | ਫਾਈਨ ਆਰਟਸ |
| ਬੀ.ਏ. ਭਾਗ ਤੀਜਾ | ਸ੍ਰੀਮਤੀ ਭਾਵਨਾ | ਮੈਥਮੈਟਿਕਸ |
| ਬੀ.ਐਸ.ਸੀ., ਬੀ.ਸੀ.ਏ., ਬੀ.ਬੀ.ਏ. | ਸ੍ਰੀ ਅੰਸ਼ੁਲ ਭਾਟੀਆ | ਲੋਕ ਪ੍ਰਸ਼ਾਸਨ |
| ਬੀ.ਕਾਮ, ਬੀ.ਕਾਮ (ਐਚ.ਈ.ਆਈ.ਐਸ.), ਐਮ.ਕਾਮ | ਸ੍ਰੀ ਮਨਜੋਤ ਸਿੰਘ | ਕਾਮਰਸ |
| ਟਾਈਮ ਟੇਬਲ | ਸ੍ਰੀ ਅਵਤਾਰ ਸਿੰਘ | ਪੰਜਾਬੀ |
| ਵਿਸ਼ਾ ਬਦਲੀ | ਸ੍ਰੀਮਤੀ ਸਲੋਨੀ, ਸ੍ਰੀਮਤੀ ਨਵਜੋਤ ਕੌਰ | ਭੂਗੋਲ, ਫਾਈਨ ਆਰਟਸ |
| ਟੂਟੋਰੀਅਲ | ਸ੍ਰੀਮਤੀ ਰਾਜਬੀਰ ਢਿੱਲੋ, ਸ੍ਰੀ ਮੋਹਨੀਸ਼ ਆਰੀਆ, ਡਾ. ਹਰਵਿੰਦਰ ਕੌਰ | ਫਿਜ਼ਿਕਸ, ਸੰਗੀਤ, ਸੋਸ਼ਿਆਲੋਜੀ |
| ਲੈਕਚਰ ਸ਼ਾਰਟੇਜ਼ | ਸ੍ਰੀਮਤੀ ਸਿਮਰਤਜੀਤ, ਸ੍ਰੀਮਤੀ ਅਮਨਜੀਤ ਕੌਰ | ਕੰਪਿਊਟਰ, ਕਾਮਰਸ |
| ਫੀਸ ਸਬੰਧੀ | ਸ੍ਰੀ ਸੂਬੇ ਸਿੰਘ | ਦਫਤਰੀ |
| ਪੋਸਟ ਮੈਟ੍ਰਿਕ | ਸ੍ਰੀਮਤੀ ਨਵਦੀਪ ਕਹੋਲ | ਅੰਗ੍ਰੇਜ਼ੀ |
| ਸੀ.ਐਮ. ਸਕਾਲਰਸ਼ਿਪ | ਸ੍ਰੀਮਤੀ ਭਾਵਨਾ | ਮੈਥਮੈਟਿਕਸ |
| ਐਨ.ਜੀ.ਓ. | ਸ੍ਰੀ ਬਲਜਿੰਦਰ ਸਿੰਘ | ਸੰਗੀਤ |
| ਰਿਟਾਇਰਡ ਟੀਚਰਜ਼ | ਸ੍ਰੀਮਤੀ ਕੰਨੂ ਗਰਗ | ਕਾਮਰਸ |
| ਐਂਟੀ ਰੈਗਿੰਗ ਅਤੇ ਐਂਟੀ ਸੈਕਸੁਅਲ ਹੈਰਾਸਮੈਂਟ | ਸ੍ਰੀਮਤੀ ਰਾਜਬੀਰ ਢਿੱਲੋ, ਸ੍ਰੀਮਤੀ ਸਵਿਤਾ ਗੁਪਤਾ | ਫਿਜ਼ਿਕਸ, ਅੰਗ੍ਰੇਜ਼ੀ |
| ਆਈ ਕਾਰਡ | ਸ੍ਰੀਮਤੀ ਭੁਪਿੰਦਰ ਕੌਰ | ਲਾਇਬ੍ਰੇਰੀਅਨ |
| ਬੱਸ ਪਾਸ | ਸ੍ਰੀਮਤੀ ਰਾਜਬੀਰ ਢਿੱਲੋ, ਸ੍ਰੀ ਜਗਮੋਹਨ ਸਿੰਘ | ਫਿਜ਼ਿਕਸ |
| ਫਸਟ ਏਡ | ਸ੍ਰੀਮਤੀ ਨਵਜੋਤ ਕੌਰ, ਸ੍ਰੀਮਤੀ ਹਰਵਿੰਦਰ ਕੌਰ | ਫਾਈਨ ਆਰਟਸ, ਸੋਸ਼ਿਆਲੋਜੀ |
| ਐਨ.ਸੀ.ਸੀ. | ਸ੍ਰੀ ਅਵਤਾਰ ਸਿੰਘ | ਪੰਜਾਬੀ |
| ਐਨ.ਐਸ.ਐਸ. | ਸ੍ਰੀ ਮੋਹਨੀਸ਼ ਆਰੀਆ | ਸੰਗੀਤ |
| ਸਭਿਆਚਾਰਕ ਗਤੀਵਿਧੀਆਂ | ਸ੍ਰੀ ਰਵਿੰਦਰ ਸਿੰਘ | ਫਾਈਨ ਆਰਟਸ |
| ਸਪੋਰਟਸ | ਸ੍ਰੀ ਨਿਰਮਲ ਸਿੰਘ | ਸਰੀਰਕ ਸਿੱਖਿਆ |
| ਲੀਗਲ ਲਿਟਰੇਸੀ | ਸ੍ਰੀ ਅੰਸ਼ੁਲ ਭਾਟੀਆ | ਲੋਕ ਪ੍ਰਸ਼ਾਸਨ |
| ਪ੍ਰੀਖਿਆ ਸਬੰਧੀ | ਸ੍ਰੀ ਮਨਪ੍ਰੀਤ ਸਿੰਘ | ਦਫਤਰੀ |
| ਐਨ.ਈ.ਪੀ. | ਸ੍ਰੀ ਅਵਤਾਰ ਸਿੰਘ, ਸ੍ਰੀਮਤੀ ਸੁਸ਼ਮਾ | ਪੰਜਾਬੀ, ਮੈਥਮੈਟਿਕਸ |

# ਅਕਾਦਮਿਕ ਕਲੰਡਰ/ ਪ੍ਰਸਤਾਵਿਤ ਗਤੀਵਿਧੀਆਂ

| ਅਕਾਦਮਿਕ ਕਲੰਡਰ 2026–27 | |
|---|---|
| **ਕਾਰਜਕ੍ਰਮ** | **ਅਵਧੀ / ਮਿਤੀ** |
| ਗਰਮੀ ਦੀਆਂ ਛੁੱਟੀਆਂ | 15-06-2026 ਤੋਂ 18-07-2026 |
| ਸਮੈਸਟਰ 1 ਦੀ ਅਵਧੀ | 20-07-2026 ਤੋਂ 7-11-2026 |
| ਸਮੈਸਟਰ 1 ਦੀ ਪ੍ਰੀਖਿਆ | 11-11-2026 ਤੋਂ |
| ਸਰਦੀ ਦੀਆਂ ਛੁੱਟੀਆਂ | 26-12-2026 ਤੋਂ 09-01-2027 |
| ਸਮੈਸਟਰ 2 ਦੀ ਅਵਧੀ | 11-01-2027 ਤੋਂ 24-04-2027 |
| ਸਮੈਸਟਰ 2 ਦੀ ਪ੍ਰੀਖਿਆ | 03-05-2027 ਤੋਂ |
| | |
| **ਪ੍ਰਮੁੱਖ ਪ੍ਰਸਤਾਵਿਤ ਗਤੀਵਿਧੀਆਂ** | |
| ਗਤੀਵਿਧੀ | ਸਮਾਂ / ਮਿਤੀ |
| ਮਹਿਲਾ ਦਿਵਸ ਬਾਰੇ ਪ੍ਰਦਰਸ਼ਨੀ ਅਤੇ ਸਮਾਰੋਹ | 08 ਮਾਰਚ 2027 |
| ਵਣ-ਮਹਾਂ-ਉਤਸਵ | ਅਗਸਤ ਦੇ ਪਹਿਲੇ ਹਫਤੇ |
| ਸਵਤੰਤਰਤਾ ਦਿਵਸ | 15 ਅਗਸਤ 2026 |
| ਅਧਿਆਪਕ ਦਿਵਸ | 05 ਸਤੰਬਰ 2026 |
| ਪ੍ਰਤਿਭਾ-ਖੋਜ਼ ਮੁਕਾਬਲੇ | ਸਤੰਬਰ ਦੇ ਪਹਿਲੇ ਹਫਤੇ |
| ਪੋਸ਼ਣ ਮਾਂਹ | ਸਤੰਬਰ ਦੇ ਦੂਜੇ ਹਫਤੇ |
| ਸੜਕ ਸੁਰੱਖਿਆ ਬਾਰੇ ਲੈਕਚਰ ਅਤੇ ਪ੍ਰਦਰਸ਼ਨੀ | ਸਤੰਬਰ ਦੇ ਤੀਜੇ ਹਫਤੇ |
| ਯੂਥ ਫੈਸਟੀਵਲ | ਸਤੰਬਰ–ਅਕਤੂਬਰ 2026 |
| ਮਿਡ ਸਮੈਸਟਰ ਟੈਸਟ | ਅਕਤੂਬਰ ਅਤੇ ਮਾਰਚ ਮਹੀਨਿਆਂ ਵਿੱਚ |
| ਐਨ.ਐਸ.ਐਸ. ਕੈਂਪ | ਨਵੰਬਰ ਦੇ ਪਹਿਲੇ ਹਫਤੇ |
| ਯੂਨੀਵਰਸਿਟੀ ਦੇ ਦਾਖਲਾ ਫਾਰਮ | ਯੂਨੀਵਰਸਿਟੀ ਮਿਤੀਆਂ ਅਨੁਸਾਰ |
| ਲੋਹੜੀ | 13 ਜਨਵਰੀ 2027 |
| ਵਿੱਦਿਅਕ ਟੂਰ | ਜਨਵਰੀ–ਫਰਵਰੀ 2027 |
| ਗਣਤੰਤਰਤਾ ਦਿਵਸ | 26 ਜਨਵਰੀ 2027 |
| ਸਾਲਾਨਾ ਖੇਡ ਸਮਾਰੋਹ | ਫਰਵਰੀ ਦੇ ਪਹਿਲੇ ਹਫਤੇ |
| ਸਾਲਾਨਾ ਇਨਾਮ ਵੰਡ ਸਮਾਰੋਹ | ਮਾਰਚ ਦੇ ਦੂਜੇ ਹਫਤੇ |
| ਕਨਵੋਕੇਸ਼ਨ | ਮਾਰਚ ਦੇ ਦੂਜੇ–ਤੀਜੇ ਹਫਤੇ |
| | |


ਨੋਟ: ਗਤੀਵਿਧੀਆਂ ਅਤੇ ਅਕਾਦਮਿਕ ਕਲੰਡਰ ਦੀਆਂ ਮਿਤੀਆਂ ਵਿੱਚ ਕਾਲਜ ਅਤੇ ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਲੋੜ ਅਨੁਸਾਰ ਤਬਦੀਲੀ ਕੀਤੀ ਜਾ ਸਕਦੀ ਹੈ। ਇਸ ਸਬੰਧੀ ਸੂਚਨਾ ਕਾਲਜ ਦੇ ਨੋਟਿਸ ਬੋਰਡ ਅਤੇ ਕਾਲਜ ਵੈੱਬਸਾਈਟ 'ਤੇ ਅਪਡੇਟ ਕੀਤੀ ਜਾਵੇਗੀ।



**ਸ਼ਵੇਤਾ ਮਿਸ਼ਰਾ**
ਬੀ.ਕਾਮ



**ਕਾਜਲ**
ਬੀ.ਕਾਮ.



**ਹਰਸ਼ਪ੍ਰੀਤ ਕੌਰ**
ਬੀ.ਕਾਮ. (ਆਨਰਜ਼)



**ਗੁਲਸ਼ਾਦ**
ਬੀ.ਏ.

## ਸਾਡੇ ਕਾਲਜ ਦੇ ਹੋਣਹਾਰ ਵਿਦਿਆਰਥੀਆਂ ਨੇ ਆਪਣੀ ਮਿਹਨਤ, ਲਗਨ ਅਤੇ ਅਨੁਸ਼ਾਸਨ ਨਾਲ ਸ਼ਾਨਦਾਰ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਇਹ ਟੌਪਰ ਹੋਰਾਂ ਲਈ ਪ੍ਰੇਰਣਾ ਦਾ ਸਰੋਤ ਹਨ ਅਤੇ ਕਾਲਜ ਦਾ ਨਾਮ ਰੌਸ਼ਨ ਕਰ ਰਹੇ ਹਨ।



**ਕੋਮਲਜੋਤ ਕੌਰ**
ਬੀ.ਕਾਮ (ਆਨਰਜ਼)



**ਜਸਦੀਪ ਕੌਰ**
ਬੀ.ਐਸ.ਸੀ.



**ਮੁਸਕਾਨ**
ਬੀ.ਐਸ.ਸੀ.



**ਰਾਗਿਨੀ ਸ਼ਾਹ**
ਬੀ.ਸੀ.ਏ

**ਬੇਦਾਅਵਾ:** ਪ੍ਰਾਸਪੈਕਟਸ ਵਿੱਚ ਛਪੀ ਹਰ ਪ੍ਰਕਾਰ ਦੀ ਸੂਚਨਾ ਭਾਵੇਂ ਸਹੀ ਅਤੇ ਤੱਥ ਆਧਾਰਿਤ ਹੈ ਫਿਰ ਵੀ ਕਾਲਜ ਪ੍ਰਸ਼ਾਸਨ ਪ੍ਰਾਸਪੈਕਟਸ ਦੀ ਛਪਾਈ ਵਿੱਚ ਕਿਸੇ ਪ੍ਰਕਾਰ ਦੀ ਸੂਚਨਾ/ਉਣਤਾਈ ਲਈ ਕਾਨੂੰਨੀ ਤੌਰ 'ਤੇ ਜ਼ਿੰਮੇਵਾਰ ਨਹੀਂ ਹੋਵੇਗਾ। ਇਸ ਸੈਸ਼ਨ ਦੌਰਾਨ ਲੋੜ ਪੈਣ 'ਤੇ ਬਿਨਾਂ ਅਗਾਊ ਸੂਚਨਾ ਪੰਜਾਬ ਸਰਕਾਰ, ਪੰਜਾਬੀ ਯੂਨੀਵਰਸਿਟੀ ਅਤੇ ਹੋਰ ਕੋਈ ਸਮਰੱਥ ਅਧਿਕਾਰੀ ਜਾਂ ਸੰਸਥਾ ਵੱਲੋਂ ਜਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਛਪੀ ਸੂਚਨਾ ਵਿੱਚ ਤਬਦੀਲੀ ਕੀਤੀ ਜਾ ਸਕਦੀ ਹੈ। ਇਸ ਪ੍ਰਾਸਪੈਕਟਸ ਦੇ ਨਿਯਮ ਅਤੇ ਸ਼ਰਤਾਂ ਵਿੱਚ ਸਰਕਾਰ ਦੇ ਨਵੇਂ ਆਦੇਸ਼ਾਂ ਜਾਂ ਯੂਨੀਵਰਸਿਟੀ ਦੀਆਂ ਨਵੀਆਂ ਹਦਾਇਤਾਂ ਦੇ ਅਨੁਸਾਰ ਜਾਂ ਲੋੜ ਪੈਣ 'ਤੇ ਪ੍ਰਿੰਸੀਪਲ ਵੱਲੋਂ ਤਬਦੀਲੀ ਕੀਤੀ ਜਾ ਸਕਦੀ ਹੈ ਜਿਸ ਦੀ ਸੂਚਨਾ ਸਮੇਂ ਸਮੇਂ 'ਤੇ ਨੋਟਿਸ ਬੋਰਡ ਰਾਹੀਂ ਦੇ ਦਿੱਤੀ ਜਾਵੇਗੀ।

# ਸਰਕਾਰੀ ਕਾਲਜ, ਡੇਰਾ ਬੱਸੀ

(ਸਾਹਿਬਜ਼ਾਦਾ ਅਜੀਤ ਸਿੰਘ ਨਗਰ)

ਈਮੇਲ: gcderabassi@gmail.com

**www.gcderabassi.ac.in**

